**Shikshan Sanshodhan : Journal of Arts, Humanities and Social Sciences** ISSN(o): 2581-6241
Monthly, Peer-Reviewed, Refereed, Indexed Journal Impact Factor: 9.134
Volume - 9, Issue - 5, May - 2026

DOIs:10.2018/SS/202605011 --:-- Research Paper / Article / Review

# ਗਦਰ ਪਾਰਟੀ ਦਾ ਸੰਘਰਸ਼ ਅਤੇ ਚੁਣੌਤੀਆਂ

**ਡਾ. ਕਿਰਨਦੀਪ ਕੌਰ**
ਅਸਿਸਟੈਂਟ ਪ੍ਰੋਫੈਸਰ, ਪੰਜਾਬੀ ਵਿਭਾਗ, ਡੀ.ਏ.ਵੀ. ਕਾਲਜ, ਜਲੰਧਰ, ਪੰਜਾਬ, ਭਾਰਤ
dhotkiran@ymail.com

**ਅਬਸਟ੍ਰੈਕਟ:-** ਹਿੰਦੁਸਤਾਨ ਦੇ ਇਤਿਹਾਸ ਨੂੰ ਸਿਰਜਣ ਵਿੱਚ ਗਦਰ ਲਹਿਰ ਦਾ ਇਕ ਵੱਡਮੁੱਲਾ ਯੋਗਦਾਨ ਹੈ। ਮੁਲਕ ਨੂੰ ਅਜ਼ਾਦ ਕਰਵਾਉਣ ਵਿੱਚ ਇਹਨਾਂ ਅਜ਼ਾਦੀ ਗੁਲਾਟੀਆਂ ਦਾ ਨਾਂ ਸੁਨਹਿਰੇ ਅੱਖਰਾਂ ਵਿੱਚ ਆਉਂਦਾ ਹੈ। ਇਸ ਪਾਰਟੀ ਦੀ ਸਥਾਪਨਾ ਅੰਗਰੇਜ਼ ਹਕੂਮਤ ਨੂੰ ਜੜ੍ਹੋਂ ਹਿਲਾ ਦੇਣ ਲਈ ਕੀਤੀ ਗਈ ਸੀ। ਆਪਣੇ ਮੁਲਕ ਹਿੰਦੁਸਤਾਨ ਵਿੱਚ ਜਦੋਂ ਪੰਜਾਬੀਆਂ ਨੂੰ ਆਰਥਿਕ ਤੌਰ ਤੇ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ ਤਾਂ ਇਹਨਾਂ ਕੈਨੇਡਾ ਅਤੇ ਬਾਅਦ ਵਿੱਚ ਅਮਰੀਕਾ ਵੱਲ ਨੂੰ ਰੁੱਖ ਕੀਤਾ ਪਰ ਉੱਥੇ ਵੀ ਇਹਨਾਂ ਨੂੰ ਆਪਣੇ ਮੁਲਕ ਦੀ ਗੁਲਾਮੀ ਕਰਕੇ ਭੇਦਭਾਵ ਅਤੇ ਸੋਸ਼ਣ ਦਾ ਸਾਹਮਣਾ ਕਰਨਾ ਪਿਆ। ਇਸ ਤੋਂ ਤੰਗ ਆ ਕੇ ਭਾਰਤੀਆਂ ਨੇ ਇਕ ਇੱਕਠ ਬਣਾਇਆ ਜਿਹੜਾ ਗਦਰ ਲਹਿਰ ਦੇ ਨਾਂ ਨਾਲ ਸਾਹਮਣੇ ਆਇਆ। ਇਹ ਇਕ ਅਜਿਹੀ ਲਹਿਰ ਸੀ ਜਿਸ ਨੇ ਵਿਦੇਸ਼ਾਂ ਤੋਂ ਆ ਕੇ ਭਾਰਤੀਆਂ ਨੂੰ ਗੁਲਾਮੀ ਵਿੱਚ ਰਹਿਣ ਦਾ ਅਹਿਸਾਸ ਕਰਵਾ ਕੇ ਇਸ ਵਿਰੁੱਧ ਲੜਨ ਲਈ ਪ੍ਰੇਰਿਆ। ਕਾਮਾਗਾਟਾਮਾਰੂ ਅਤੇ ਪਹਿਲੇ ਵਿਸ਼ਵ ਯੁੱਧ ਨੇ ਗਦਰ ਦੇ ਇਸ ਕ੍ਰਾਂਤੀਕਾਰੀ ਪ੍ਰੋਗਰਾਮ ਨੂੰ ਹੋਰ ਤੇਜ਼ ਕਰ ਦਿੱਤਾ ਸੀ। ਹਥਿਆਰਬੰਦ ਗਦਰੀ ਅਜ਼ਾਦ ਅਤੇ ਬਰਾਬਰਤਾ ਦੇ ਭਾਰਤ ਦਾ ਸੁਪਨਾ ਵੇਖਦੇ ਸਨ। ਭਾਵੇਂ ਗਦਰ ਲਹਿਰ ਦੇ ਬੀਜ ਕੈਨੇਡਾ ਦੀ ਧਰਤੀ ਤੇ ਬੋਏ ਗਏ ਸਨ ਪਰ ਪੂਰਨ ਰੂਪ ਵਿੱਚ ਇਹ ਲਹਿਰ ਅਮਰੀਕਾ ਦੀ ਧਰਤੀ ਤੇ ਸ਼ੁਰੂ ਹੋਈ। ਇਸ ਤੋਂ ਬਾਅਦ ਗਦਰ ਲਹਿਰ ਦਾ ਨਾਂ ਪੱਕੇ ਤੌਰ ਤੇ ਗਦਰ ਪਾਰਟੀ ਬਣ ਗਿਆ। ਗਦਰੀ ਬਾਬਿਆਂ ਨੇ ਅਖਬਾਰ, ਰਸਾਲਿਆਂ, ਅਖਬਾਰਾਂ ਅਤੇ ਪਰਚਿਆਂ ਨੂੰ ਆਪਣਾ ਮੁੱਖ ਹਥਿਆਰ ਬਣਾਇਆ। ਗਦਰ ਪਰਚਾ ਜਿਸ ਦੇ ਨਾਂ ਤੇ ਇਹ ਲਹਿਰ ਸ਼ੁਰੂ ਹੋਈ, ਉਹ ਆਪਣੇ ਆਪ ਵਿੱਚ ਕ੍ਰਾਂਤੀ ਦੀ ਸ਼ੁਰੂਆਤ ਸੀ। ਪੂਰੀ ਤਰ੍ਹਾਂ ਧਰਮ ਨਿਰਪੱਖ ਇਸ ਲਹਿਰ ਨਾਲ ਜੁੜੇ ਹੋਏ ਇਹ ਲੋਕ ਆਪਣੇ ਆਪ ਨੂੰ ਕਿਸੇ ਧਰਮ ਵਿੱਚ ਨਾ ਬੰਨ ਕੇ ਹਿੰਦੁਸਤਾਨੀ ਅਖਵਾਉਣ ਦੇ ਹੱਕ ਵਿੱਚ ਸਨ।

**ਕੁੰਜੀਵਤ ਸ਼ਬਦ:-** ਨਿਰਪੱਖ, ਅੰਦੋਲਨ, ਲੁੱਟ-ਖਸੁੱਟ, ਜਥੇਬੰਦ, ਸਾਮਰਾਜਵਾਦ, ਸੰਘਰਸ਼, ਐਸੋਸੀਏਸ਼ਨ, ਤਰਕਸ਼ੀਲ

**ਖੋਜ ਪੱਤਰ:-** ਕੋਈ ਵੀ ਇਤਿਹਾਸ ਜਦੋਂ ਰਚਿਆ ਜਾਂਦਾ ਹੈ ਤਾਂ ਉਹ ਰਚਨਹਾਰੇ ਦੇ ਆਪਣੇ ਦ੍ਰਿਸ਼ਟੀਕੋਣ ਤੇ ਅਧਾਰਿਤ ਹੁੰਦਾ ਹੈ। ਲੋਕਾਂ ਦੀ ਮੂਲ ਦ੍ਰਿਸ਼ਟੀ ਨਾਲ ਇਹ ਬਹੁਤ ਘੱਟ ਮਿਲਦਾ ਹੁੰਦਾ ਹੈ। ਪਰ ਉਸੇ ਲਿਖੇ ਇਤਿਹਾਸ ਤੋਂ ਅਸੀਂ ਕੁਝ ਗੱਲਾਂ ਦੇ ਨਿਤਾਰੇ ਵੀ ਕਰਦੇ ਹਾਂ। ਭਾਰਤ ਦੀ ਅਜ਼ਾਦੀ ਦਾ ਸੰਗਰਾਮ ਬੜਾ ਹੀ ਵਚਿੱਤਰ ਅਤੇ ਲੂੰ ਕੰਡੇ ਖੜੇ ਕਰਨ ਵਾਲਾ ਹੈ। ਇਸ ਵਿੱਚ ਬਹੁਤ ਕੁਝ ਵਾਪਰਿਆ।ਇਸ ਦਾ ਇਤਿਹਾਸ ਬਹਾਦਰੀ, ਆਪਾ ਤਿਆਗ, ਕੁਰਬਾਨੀ ਅਤੇ ਦੇਸ਼ ਭਗਤੀ ਦਾ ਬਹਾਦਰੀ ਭਰਿਆ ਸੁਨਹਿਰੀ ਇਤਿਹਾਸ ਹੈ। ਜਦੋਂ ਮੁਲਕ ਦੀ ਅਜ਼ਾਦੀ ਦੀ ਗੱਲ ਆਉਂਦੀ ਹੈ ਤਾਂ ਇਸ ਨੂੰ ਅਜ਼ਾਦ ਕਰਵਾਉਣ ਦੇ ਵਿੱਚ ਬਹੁਤ ਸਾਰੇ ਅਣਖੀ ਗੁਲਾਟੀਏ ਸਨ, ਜਿਨ੍ਹਾਂ ਆਪਣਾ ਸਰਵਸਰ ਮੁਲਕ ਲਈ ਵਾਰ ਦਿੱਤਾ। ਉਹ ਲੋਕਾਂ ਦੇ ਹੱਕ ਵਿੱਚ ਭੁਗਤੇ ਅਤੇ ਜਿਹੜੇ ਲੋਕ ਅਜਿਹੀ ਅਜ਼ਾਦੀ ਲਈ ਜੂਝੇ ਉਹਨਾਂ ਨੂੰ ਬਾਗ਼ੀ ਕਹਿ ਕੇ ਭੰਡਿਆ ਗਿਆ।ਗਦਰ ਲਹਿਰ ਇਸ ਦੀ ਇਕ ਸੁੰਦਰ ਮਿਸਾਲ ਹੈ। ਇਹ ਅਜ਼ਾਦੀ ਦੀ ਇਕ ਮਹੱਤਵਪੂਰਨ ਲਹਿਰ ਸੀ ਜਿਸ ਵਿੱਚ ਸਮਾਜ ਦੇ ਹਰ ਵਰਗ ਨੂੰ ਦੇਸ਼ਭਗਤੀ ਅਤੇ ਰਾਸ਼ਟਰਵਾਦ ਦੇ ਸੰਦਰਭ ਵਿੱਚ ਵਿਚਾਰਿਆ ਗਿਆ ਅਤੇ ਉੱਚ ਵਰਗ ਦੀ ਖਾਸ ਕਰ ਕੇ ਤਿੱਖੀ ਆਲੋਚਨਾ ਕੀਤੀ ਗਈ। ਇਹ ਸਦੀ ਯੁੱਗ ਗਰਦੀ, ਇਨਕਲਾਬ ਅਤੇ ਸਾਮਰਾਜ ਦੇ ਵਿਰੁੱਧ ਉੱਠਦੇ ਸੰਗਰਾਮ ਦੀ ਸਦੀ ਸੀ। "ਗਦਰ ਸ਼ਬਦ ਦੇ ਕੋਸ਼ਗਤ ਅਰਥ: ਹਲਚਲ, ਬਗਾਵਤ, ਉਪਦ੍ਰਵ, ਪ੍ਰਜਾ ਦੇ ਵਿਗੜਨ ਦਾ ਭਾਵ, ਰਾਜੇ ਨਾਲ ਵੈਰ, ਹਕੂਮਤ ਦੀ ਵਿਰੋਧਤਾ, ਲਾਕਾਨੂੰਨੀ, ਬਲਵਾ, ਦੰਗਾ ਆਦਿ ਹਨ।"[1] ਇਹ ਲਹਿਰ 20 ਵੀਂ ਸਦੀ ਦੀ ਇਕ ਸ਼ੁਰੂਆਤੀ ਅੰਤਰਰਾਸ਼ਟਰੀ ਸਿਆਸੀ ਲਹਿਰ ਸੀ। ਜਿਸ ਦੀ ਸਥਾਪਤੀ ਪ੍ਰਵਾਸੀ ਭਾਰਤੀਆਂ ਦੁਆਰਾ ਭਾਰਤ ਵਿੱਚ ਬ੍ਰਿਟਿਸ਼ ਰਾਜ ਨੂੰ ਜੜੋਂ ਉਖਾੜ ਦੇਣ ਲਈ ਕੀਤੀ ਗਈ ਸੀ। ਸ਼ੁਰੂ ਵਿੱਚ ਇਹ ਅੰਦੋਲਨ ਉਹਨਾਂ ਕ੍ਰਾਂਤੀਕਾਰੀਆਂ ਵੱਲੋਂ ਬਣਾਇਆ ਗਿਆ ਸੀ, ਜਿਹੜੇ ਸੰਯੁਕਤ ਰਾਜ ਅਤੇ ਕੈਨੇਡਾ ਦੇ ਪੱਛਮੀ ਤੱਟ ਤੇ ਰਹਿੰਦੇ ਅਤੇ ਕੰਮ ਕਰਦੇ ਸਨ। ਪਰ ਹੌਲ਼ੀ-ਹੌਲ਼ੀ ਇਹ ਅੰਦੋਲਨ ਦੁਨੀਆਂ ਦੇ ਕੋਨੇ-ਕੋਨੇ ਵਿੱਚ ਫੈਲ ਗਿਆ। ਗਦਰੀ ਕੌਣ ਸਨ? ਜਦੋਂ ਇਹ ਸਵਾਲ ਕੀਤਾ ਜਾਂਦਾ ਹੈ ਤਾਂ ਜਵਾਬ ਵੀ ਨਾਲ ਹੀ ਆ ਜਾਂਦਾ ਹੈ ਕਿ ਗਦਰੀ ਉਹ ਸਨ ਜਿਹੜੇ ਗਰੀਬੀ ਕਾਰਨ ਪੰਜਾਬ ਤੋਂ ਰੋਟੀ ਕਮਾਉਣ ਲਈ ਵਿਦੇਸ਼ੀ ਧਰਤੀ ਤੇ ਗਏ ਅਤੇ ਉੱਥੇ ਵੀ ਉਹਨਾਂ ਨਾਲ ਉਹੀ ਕੁਝ ਹੋਇਆ ਜੋ ਉਹਨਾਂ

ਦੇ ਆਪਣੇ ਮੁਲਕ ਭਾਰਤ ਵਿੱਚ ਹੋ ਰਿਹਾ ਸੀ। ਉਹੀ ਮਜਦੂਰ ਕਿਸਾਨ ਇੱਕਠੇ ਹੋਏ ਅਤੇ ਆਪਣੇ ਹੱਕਾਂ ਲਈ ਲੜੇ। ਇਹ ਲਹਿਰ ਕੈਨੇਡਾ ਵਿੱਚ ਸ਼ੁਰੂ ਹੋਈ, ਫਿਰ ਇਹ ਅਮਰੀਕਾ ਤੱਕ ਫੈਲੀ ਅਤੇ ਉਸ ਤੋਂ ਬਾਅਦ ਇਹ ਫੈਲਦੀ ਫੈਲਦੀ ਗਦਰ ਪਾਰਟੀ ਦਾ ਰੂਪ ਲੈ ਗਈ। ਪੰਜਾਬੀਆਂ ਨੇ ਕੇਨੇਡਾ ਤੋਂ ਲੈ ਕੇ ਉੱਤਰੀ ਅਮਰੀਕਾ ਦੀ ਧਰਤੀ ਤੱਕ ਵਾਸਾ 20 ਵੀਂ ਸਦੀ ਦੇ ਸ਼ੁਰੂ ਵਿੱਚ ਕਰ ਲਿਆ ਸੀ। ਉਹਨਾਂ ਦਾ ਇੱਥੇ ਆਉਣ ਦਾ ਮੁੱਖ ਮਕਸਦ ਰੋਜ਼ੀ ਰੋਟੀ ਦੀ ਭਾਲ ਸੀ। "ਭਾਰਤੀਆਂ ਦੇ ਵਿਦੇਸ਼ ਜਾਣ ਦਾ ਮੁੱਖ ਕਾਰਨ ਆਰਥਿਕ ਸੀ। ਦੱਖਣ ਦੇ ਗਰੀਬ ਤਾਮਿਲ ਤੇ ਮਲਿਆਲੀ ਕਾਮਿਆਂ ਨੇ ਖੇਤ ਮਜਦੂਰਾਂ ਦੇ ਤੌਰ ਤੇ ਬਰਤਾਨਵੀ ਬਸਤੀਵਾਦੀ ਹਕੂਮਤ ਹੇਠਲੇ ਏਸ਼ਿਆਈ ਤੇ ਅਫ਼ਰੀਕੀ ਦੇਸ਼ਾਂ ਵਿਚ ਪਰਵਾਸ ਕੀਤਾ। ਉਹਨਾਂ ਪੰਜਾਬੀਆਂ ਵਾਂਗ ਅਮਰੀਕਾ ਜੇਹੇ ਵਿਕਸਿਤ ਸਰਮਾਏਦਾਰੀ ਦੇਸ਼ਾਂ ਜਾਂ ਕੈਨੇਡਾ ਦੀ ਗੋਰੀ ਬਰਤਾਨਵੀ ਬਸਤੀ ਵਲ ਧਾਈਆਂ ਨਹੀਂ ਪਾਈਆਂ।"[2] ਪੰਜਾਬੀਆਂ ਨੇ ਇੱਥੇ ਆ ਕੇ ਸਖ਼ਤ ਤੋਂ ਸਖ਼ਤ ਕੰਮ ਕੀਤੇ। ਹਰ ਕੰਮ ਨੂੰ ਉਹਨਾਂ ਚੁਣੌਤੀ ਸਮਝਿਆ। ਬੇਸ਼ਕ ਉਹਨਾਂ ਨੂੰ ਇੱਥੇ ਆ ਕੇ ਨਸਲਵਾਦ ਅਤੇ ਬਸਤੀਵਾਦ ਦਾ ਸਾਹਮਣਾ ਕਰਨਾ ਪਿਆ। ਪੀਰਾਂ, ਫਕੀਰਾਂ, ਗੁਰੂਆਂ ਦੀ ਧਰਤੀ ਤੋਂ ਗਏ ਇਹ ਪੰਜਾਬੀ ਹੌਂਸਲਾ ਨਾ ਹਾਰੇ। ਉਹਨਾਂ ਆਪਣੇ ਆਪ ਨੂੰ ਹਮੇਸ਼ਾ ਚੜ੍ਹਦੀ ਕਲਾ ਵਿੱਚ ਰੱਖਿਆ।

ਗਦਰ ਲਹਿਰ ਕੋਈ ਸਾਧਾਰਨ ਆਤੰਕਵਾਦੀ ਲਹਿਰ ਨਹੀਂ ਸੀ ਅਤੇ ਨਾ ਹੀ ਇਸ ਦੀ ਨੀਂਹ ਭਾਰਤ ਵਿੱਚ ਰੱਖੀ ਗਈ। ਜਿਹੜੇ ਲੋਕ ਭਾਰਤ ਵਰਗੇ ਮੁਲਕਾਂ ਵਿੱਚ ਹਾਲਾਤ ਠੀਕ ਨਾ ਹੋਣ ਕਾਰਨ ਅਮਰੀਕਾ, ਕੈਨੇਡਾ ਵਰਗੇ ਮੁਲਕਾਂ ਨੂੰ ਤੁਰ ਪਏ ਸਨ ਪਰ ਉੱਥੇ ਜਾ ਕੇ ਵੀ ਉਹਨਾਂ ਨੂੰ ਗੁਲਾਮ ਮੁਲਕ ਦੇ ਵਸਨੀਕਾਂ ਦੀ ਗਾਲ਼ ਸੁਣਨੀ ਪਈ ਤਾਂ ਉਹਨਾਂ ਨੇ ਕ੍ਰਾਂਤੀਕਾਰੀ ਅੰਦੋਲਨ ਸ਼ੁਰੂ ਕਰ ਦਿੱਤਾ। ਥਾਮਸ ਲਾ ਇਕ ਅੰਗਰੇਜ਼ ਅਫ਼ਸਰ ਨੇ ਗਦਰ ਲਹਿਰ ਬਾਰੇ ਕਿਹਾ ਸੀ "ਇਹ ਇਕ ਫੱਟਦੇ ਹੋਏ ਜਵਾਲਾਮੁਖੀ ਦੇ ਬਿਲਕੁਲ ਨੇੜੇ ਰਹਿਣ ਦੇ ਬਰਾਬਰ ਸੀ, ਜਿਸ ਦੇ ਕੰਡੇ ਸਾਡੇ ਪੈਰ੍ਹਾਂ ਵਿੱਚ ਧਸਦੇ ਜਾ ਰਹੇ ਸਨ ਅਤੇ ਉਬਲਦਾ ਹੋਇਆ ਲਾਵਾ ਫੈਲ ਕੇ ਸਾਨੂੰ ਖਤਮ ਕਰਨ ਲਈ ਤਿਆਰ ਸੀ।"[3] ਇਹ ਸਭ ਗੱਲਾਂ ਇਹੀ ਜ਼ਾਹਿਰ ਕਰਦੀਆਂ ਨੇ ਕਿ ਗਦਰ ਦੀ ਜਵਾਲਾ ਦਾ ਸੇਕ ਗੋਰਿਆ ਦੇ ਹੱਡਾਂ ਤੱਕ ਪਹੁੰਚ ਗਿਆ ਸੀ। ਇਹੀ ਗਦਰ ਲਹਿਰ ਪਹਿਲੇ ਵਿਸ਼ਵ ਯੁੱਧ ਤੋਂ ਪਹਿਲਾਂ ਹੀ ਸ਼ੁਰੂ ਹੋ ਚੁੱਕੀ ਸੀ। ਪਰ ਇਸ ਯੁੱਧ ਦੌਰਾਨ ਇਹਨਾਂ ਕੋਲ਼ ਮੌਕਾ ਸੀ ਕਿ ਇਹ ਲੋਕ ਇਕੱਠੇ ਕਰਨ ਅਤੇ ਭਾਰਤ ਨੂੰ ਅੰਗਰੇਜ਼ਾਂ ਤੋਂ ਅਜ਼ਾਦ ਕਰਵਾਉਣ।"[4] ਅਗਸਤ 1914 ਨੂੰ ਸੈਨ ਫਰਾਂਸਿਸਕੋ ਵਿਖੇ ਇਕ ਵੱਡੀ ਰੈਲੀ ਕੀਤੀ ਗਈ ਅਤੇ ਭਗਵਾਨ ਸਿੰਘ, ਰਾਮ ਚੰਦਰ ਅਤੇ ਬਰਕਤੁੱਲਾ ਨੇ ਉੱਥੇ ਮੌਜੂਦ ਭਾਰਤੀਆਂ ਨੂੰ ਦਲੇਰੀ ਨਾਲ ਕਿਹਾ ਕਿ "ਉਹ ਹੁਣ ਭਾਰਤ ਵੱਲ ਵਧਣ, ਅੰਗਰੇਜ਼ਾਂ ਵਿਰੁੱਧ ਲੜਨ। ਹਥਿਆਰ ਉਹਨਾਂ ਨੂੰ ਉਪਲਬਧ ਕਰਵਾਏ ਜਾਣਗੇ।"[5].

ਇਹਨਾਂ ਦੀ ਲੜਾਈ ਸਾਮਰਾਜਵਾਦ ਦੇ ਖਿਲਾਫ ਸੀ। ਇਸ ਵਿੱਚ ਫ਼ਿਰਕਾਪ੍ਰਸਤੀ ਅਤੇ ਰਾਜਨੀਤਿਕ ਅਫ਼ਸਰਵਾਦ ਨੂੰ ਭੰਡਿਆ ਗਿਆ। ਭਾਰਤ ਨੂੰ ਅਜ਼ਾਦ ਕਰਵਾਉਣਾ ਇਸ ਦਾ ਮੁੱਖ ਮੰਤਵ ਸੀ। ਇਸ ਦੇ ਨਾਲ ਨਾਲ ਧਾਰਮਿਕ, ਆਰਥਿਕ ਅਤੇ ਸਮਾਜਿਕ ਬਰਾਬਰਤਾ ਦੇ ਹੱਕ ਵਿੱਚ ਵੀ ਗਦਰ ਲਹਿਰ ਪੂਰੀ ਤਰ੍ਹਾਂ ਭੁਗਤੀ ਹੈ।ਗਦਰ ਲਹਿਰ ਦਾ ਵਾਹ ਸਿਰਫ ਬਰਤਾਨਵੀ ਹਕੂਮਤ ਨਾਲ ਹੀ ਨਹੀਂ ਸੀ ਬਲਕਿ ਉਹਨਾਂ ਲੋਕਾਂ ਨਾਲ ਵੀ ਸੀ ਜਿਹੜੇ ਇਹਨਾਂ ਦਾ ਸਾਥ ਦੇ ਰਹੇ ਸਨ।ਉਹਨਾਂ ਨੂੰ ਵੀ ਇਹਨਾਂ ਰੱਜ ਕੇ ਦੁਰਕਾਰਿਆ।ਬੇਸ਼ਕ ਇਹ ਲਹਿਰ ਕੈਨੇਡਾ ਅਤੇ ਅਮਰੀਕਾ ਵਿੱਚ ਸ਼ੁਰੂ ਹੋਈ ਪਰ ਇਸ ਦਾ ਜਜ਼ਬਾ ਸਾਨੂੰ ਪੰਜਾਬ ਵਿੱਚ ਪੂਰੀ ਤਰ੍ਹਾਂ ਵੇਖਣ ਨੂੰ ਮਿਲਿਆ। ਅੰਗਰੇਜ਼ ਮੁਲਕ ਨੂੰ ਲੁੱਟ ਰਹੇ ਸਨ। ਪੰਜਾਬ ਜਿਹੜਾ ਅਮਨ ਅਤੇ ਖੁਸ਼ਹਾਲੀ ਲਈ ਜਾਣਿਆ ਜਾਂਦਾ ਸੀ, ਉਹ ਵੀ ਭੁੱਖਮਰੀ ਅਤੇ ਕਰਜ਼ੇ ਦੀ ਮਾਰ ਹੇਠ ਆ ਗਿਆ।ਇਹ ਸਦਾ ਡੂੰਘੇ ਹੋ ਰਹੇ ਆਰਥਿਕ ਮੰਦਵਾੜੇ ਦਾ ਜ਼ਮਾਨਾ ਸੀ। 150 ਸਾਲਾਂ ਤੋਂ ਵੱਧ ਪੁਰਾਣੀ ਸਾਮਰਾਜੀ ਲੁੱਟ- ਖਸੁੱਟ ਆਪਣਾ ਅਸਰ ਦਿਖਾ ਰਹੀ ਸੀ। ਸਦੀਆਂ ਪੁਰਾਣਾ ਆਰਥਿਕ ਪ੍ਰਬੰਧ ਉੱਕਾ ਹੀ ਬਰਬਾਦ ਹੋ ਚੁੱਕਾ ਸੀ ਅਤੇ ਨਵੀਂ ਉਸਾਰੀ ਦਾ ਕਿਤੇ ਨਾ ਨਿਸ਼ਾਨ ਵੀ ਨਹੀਂ ਸੀ ਲੱਭਦਾ। ਜਗਤ ਪ੍ਰਸਿੱਧ ਸ਼ਹਿਰੀ ਦਸਤਕਾਰੀ ਖਤਮ ਹੋ ਚੁੱਕੀ ਸੀ ਤੇ ਪੇਂਡੂ ਦਸਤਕਾਰ ਨੂੰ ਤਬਾਹੀ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਧਰਤੀ ਬੰਦਿਆਂ ਦੇ ਭਾਰ ਨਾਲ ਬੋਝਲ ਹੋ ਚੁੱਕੀ ਸੀ। ਖੇਤੀਬਾੜੀ ਤੇ ਗੁਜ਼ਾਰਾ ਕਰਨ ਵਾਲਿਆਂ ਦੀ ਗਿਣਤੀ ਵੱਧ ਰਹੀ ਸੀ, ਪੀੜੀਆਂ ਤੋਂ ਵੰਡੀ ਆ ਰਹੀ ਟੁਕੜੇ-ਟੁਕੜੇ ਜ਼ਮੀਨ ਬੜੀ ਤੇਜ਼ੀ ਨਾਲ ਹਲਵਾਹਕ ਕਿਸਾਨ ਦੇ ਹੱਥੋਂ ਨਿਕਲ ਰਹੀ ਸੀ। ਵਾਹੀ ਦਿਨੋਂ-ਦਿਨ ਮੰਦੀ ਹੁੰਦੀ ਜਾ ਰਹੀ ਸੀ। ਜਿਸ ਵੇਲੇ ਇਹ ਸਭ ਕੁਝ ਸ਼ੁਰੂ ਹੋਇਆ, ਉਸ ਵੇਲੇ ਪੰਜਾਬ ਦਾ ਲੈਫਟੀਨੈਂਟ ਗਵਰਨਰ ਡੈਨਜ਼ਿਲ ਇਬਸਟਨ ਸੀ।ਉਸ ਨੇ ਇਕ ਆਬਾਦਕਾਰੀ ਕਾਨੂੰਨ ਪਾਸ ਕਰ ਦਿੱਤਾ। ਜਿਸ ਨਾਲ ਆਬਾਦਕਾਰ ਦੀਆਂ ਮੁਸ਼ਕਲਾਂ ਵੱਧ ਗਈਆਂ। ਉਸ ਨੇ ਆਬਾਦਕਾਰੀ ਦਰਾਂ ਵਧਾ ਦਿੱਤੀਆਂ। ਇਹ ਇਲਾਕਾ ਗੁਰਦਾਸਪੁਰ, ਅੰਮ੍ਰਿਤਸਰ, ਹੁਸ਼ਿਆਰਪੁਰ ਦਾ ਸੀ। ਜ਼ਿਆਦਾਤਰ ਰੰਗਰੂਟ ਇੱਥੋਂ ਹੀ ਨਿਕਲਦੇ ਸਨ। ਇਹਨਾਂ ਦਮਨਕਾਰੀ ਫੈਸਲਿਆਂ ਕਰਕੇ ਵੀ ਇਹ ਲੋਕ ਇਹਨਾਂ ਦੇ ਵਿਰੁੱਧ ਹੋ ਗਏ।ਇਸ ਗਰੀਬੀ ਦੀ ਦਲਦਲ ਵਿੱਚੋਂ ਨਿਕਲਣ ਦੇ ਉਹਨਾਂ ਕੋਲ ਦੋ ਹੀ ਰਸਤੇ ਸਨ ਜਾਂ ਤਾਂ ਉਹ ਫੌਜ ਵਿੱਚ ਭਰਤੀ ਹੋ ਜਾਣ ਜਾਂ ਫਿਰ ਆਪਣਾ ਮੁਲਕ ਛੱਡ ਕੇ ਬਾਹਰਲੇ ਮੁਲਕਾਂ ਵਿੱਚ ਕਮਾਈ ਲਈ ਚਲੇ ਜਾਣ। ਪੰਜਾਬੀਆਂ ਦੇ ਬਾਹਰ ਜਾਣ ਦੀ ਸ਼ੁਰੂਆਤ ਕਿਵੇਂ ਹੋਈ ਉਸਦਾ ਕਾਰਣ ਅੰਗਰੇਜ਼ੀ ਹਕੂਮਤ ਦੁਆਰਾ ਪੰਜਾਬ ਵਰਗੇ ਖੁਸ਼ਹਾਲ ਰਾਜ ਨੂੰ ਆਰਥਿਕ ਤੌਰ ਤੇ ਤਬਾਹ ਕਰਨ ਨਾਲ ਹੁੰਦੀ ਹੈ। ਸੰਨ 1897 ਵਿੱਚ ਮਲਕਾ ਵਿਕਟੋਰੀਆ ਦੀ ਸਿਲਵਰ ਜੁਬਲੀ ਦੇ ਜਸ਼ਨਾਂ ਵਿੱਚ ਸ਼ਾਮਲ ਹੋਣ ਲਈ ਸਿੱਖ ਫੌਜੀਆਂ ਦਾ ਇਕ ਦਸਤਾ ਲੰਡਨ ਗਿਆ।ਵਾਪਸੀ ਤੇ ਉਹ ਫੌਜੀ ਕੈਨੇਡਾ ਦੇ ਪ੍ਰਸਿੱਧ ਪ੍ਰਾਂਤ ਬ੍ਰਿਟਿਸ਼ ਕੋਲੰਬੀਆ ਵੱਲ ਦੀ ਆਏ। ਉਸ ਇਲਾਕੇ ਨੇ ਇਹਨਾਂ ਨੂੰ ਬਹੁਤ ਪ੍ਰਭਾਵਿਤ ਕੀਤਾ। ਕੁਝ ਹਿੰਮਤੀ ਪੰਜਾਬੀਆਂ ਨੇ ਕਿਸਮਤ ਅਜਮਾਈ ਲਈ ਕੈਨੇਡਾ ਜਾਣ ਦੀ ਤਿਆਰੀ ਕਰ ਲਈ ਅਤੇ ਹਾਂਗਕਾਂਗ ਦੇ ਜ਼ਰੀਏ 1904 ਵਿੱਚ ਵੈਨਕੂਵਰ ਜਾ ਪਹੁੰਚੇ। ਇਹ ਦੁਆਬੇ ਦੇ ਅਨਪੜ੍ਹ ਕਿਸਾਨ ਸਨ। ਭਾਰਤੀਆਂ (ਪੰਜਾਬੀਆਂ) ਨੇ ਜਦੋਂ ਕੈਨੇਡਾ ਦੀ ਧਰਤੀ ਵੇਖੀ ਤਾਂ ਉਹ ਉਹਨਾਂ ਨੂੰ ਪੰਜਾਬ ਵਰਗੀ ਲੱਗੀ। ਇਹੀ ਲੋਕ ਜਦੋਂ ਪੰਜਾਬ ਵਿੱਚ ਆ ਕੇ ਕੈਨੇਡਾ ਦੀਆਂ ਉੱਥੋਂ ਦੇ ਪੌਣ ਪਾਣੀ ਦੀਆਂ ਗੱਲਾਂ ਕਰਨ ਲੱਗੇ ਤਾਂ ਉਹਨਾਂ ਲੋਕਾਂ ਦਾ ਰੁਝਾਨ ਵੀ ਕੈਨੇਡਾ ਵੱਲ ਨੂੰ ਹੋਣ ਲੱਗਾ। ਥੋੜੇ ਸਮੇਂ ਵਿੱਚ

ਹੀ ਪੰਜਾਬ ਤੋਂ ਉੱਠ ਕੇ ਕੈਨੇਡਾ ਦੀ ਧਰਤੀ ਤੇ ਵਸਣ ਲਈ, ਕਮਾਈ ਕਰਨ ਲਈ ਇਹ ਲੋਕ ਚਲੇ ਗਏ। "ਜ਼ਿਆਦਾਤਰ ਪ੍ਰਵਾਸ ਨੂੰ ਜਾਣ ਦੇ ਰਸਤੇ ਹਾਂਗਕਾਂਗ ਅਤੇ ਸ਼ੰਘਾਈ ਸਨ ਜੋ ਅੰਗਰੇਜ਼ੀ ਪ੍ਰਭਾਵ ਹੇਠ ਸਨ। ਇਹ ਰਸਤਾ ਪੈਸੇਫਿਕ ਸੰਮੁਦਰ ਰਾਹੀਂ ਉਤਰੀ ਅਮਰੀਕਾ ਦੇ ਪੱਛਮੀ ਤੱਟ ਨੂੰ ਜਾ ਲਗਦਾ ਸੀ। ਉਸ ਸਮੇਂ ਕੈਨੇਡਾ ਜੋ ਅੰਗਰੇਜ਼ੀ ਬਸਤੀ ਸੀ ਪੈਸੇਫਿਕ ਰੇਲਵੇ ਪਟੜੀਆਂ ਵਿਛਾ ਰਿਹਾ ਸੀ। ਤਕਰੀਬਨ 1904 ਈ. ਤੋਂ ਭਾਰਤੀ ਅਤੇ ਪੰਜਾਬੀ ਮੂਲ ਦੇ ਕਾਮਿਆਂ ਦੀ ਗਿਣਤੀ ਵਧਣੀ ਸ਼ੁਰੂ ਹੋਈ ਜੋ ਦੋ ਸਾਲਾਂ 'ਚ ਹੀ 1500 ਦੇ ਕਰੀਬ ਪਹੁੰਚ ਗਈ। ਇਹ ਜ਼ਿਆਦਾਤਰ ਕੈਨੇਡਾ ਦੇ ਆਸ ਪਾਸ ਇੱਕਠੇ ਹੋਏ।"[6] ਬਿਕਰਮ ਸਿੰਘ ਘੁੰਮਣ ਅਨੁਸਾਰ "1903 ਤੱਕ ਅਮਰੀਕਾ ਕੈਨੇਡਾ ਵਿਚ ਜਾਣ ਵਾਲੇ ਭਾਰਤੀਆਂ ਅਤੇ ਪੰਜਾਬੀਆਂ ਦੀ ਗਿਣਤੀ ਭਾਵੇਂ ਘੱਟ ਸੀ ਪਰ 1906 ਤੋਂ ਬਾਅਦ ਇਹ ਗਿਣਤੀ ਲਗਾਤਾਰ ਵਧਣ ਲੱਗੀ।"[7] ਇਹਨਾਂ ਲੋਕਾਂ ਨੂੰ ਮਿਹਨਤ ਦਾ ਖ਼ੂਬ ਵਲ ਸੀ ਅਤੇ ਇਹ ਥੋੜੀ ਤਨਖਾਹ ਤੇ ਵੀ ਕੰਮ ਕਰਨ ਨੂੰ ਤਿਆਰ ਰਹਿੰਦੇ ਸਨ। ਪਰ ਇਧਰੋਂ ਗਏ ਲੋਕਾਂ ਅਤੇ ਉਧਰਲੇ ਵਾਸੂ ਮਜ਼ਦੂਰਾਂ ਨਾਲ ਕਿਸੇ ਨ ਕਿਸੇ ਗੱਲ ਤੇ ਤਨਾਓ ਬਣਿਆ ਰਹਿੰਦਾ ਸੀ। ਭਾਰਤੀਆਂ ਨੂੰ ਕੋਈ ਸੁਵਿਧਾ ਨਹੀਂ ਦਿੱਤੀ ਜਾਂਦੀ ਸੀ। ਗਦਰੀ ਲੋਕ ਆਪਣੇ ਹੀ ਮੁਲਕ ਤੋਂ ਤੰਗ ਆ ਕੇ ਆਰਥਿਕ ਤੌਰ ਤੇ ਆਪਣੇ ਆਪ ਨੂੰ ਚੁੱਕਣ ਲਈ ਬਾਹਰਲੇ ਮੁਲਕਾਂ ਵੱਲ ਨੂੰ ਤੁਰੇ ਸਨ। ਜਿਸ ਨਾਲ ਉਧਰ ਵਸਦੇ ਲੋਕਾਂ ਨੂੰ ਇਸ ਗੱਲ ਨਾਲ ਤਕਲੀਫ਼ ਸੀ ਅਤੇ ਉਹ ਵੀ ਇਹਨਾਂ ਦੇ ਵਿਰੁੱਧ ਹੋ ਗਏ। ਕੈਨੇਡਾ ਸਰਕਾਰ ਨੇ ਉਹਨਾਂ ਤੇ ਪਾਬੰਦੀ ਲਾਉਣੀ ਸ਼ੁਰੂ ਕਰ ਦਿੱਤੀ। ਘਰ ਦੀ ਗਰੀਬੀ ਅਤੇ ਬਾਹਰ ਜਾ ਕੇ ਨਸਲਵਾਦ ਦੇ ਭੇਦਭਾਵ ਨੇ ਉਹਨਾਂ ਨੂੰ ਗੁਲਾਮੀ ਦਾ ਤੇਜ਼ ਅਹਿਸਾਸ ਕਰਵਾਇਆ। ਜਿਹੜੇ ਭਾਰਤੀ ਕੈਨੇਡਾ ਅਤੇ ਅਮਰੀਕਾ ਗਏ ਸਨ। ਉਹ ਪੇਂਡੂ ਮੱਧ ਸ਼੍ਰੇਣੀ ਦੇ ਸਨ। ਜਿਹੜੇ ਮਜਦੂਰ ਸਨ ਉਹਨਾਂ ਵਿੱਚੋਂ ਜ਼ਿਆਦਾਤਰ ਗਿਣਤੀ ਫੌਜੀਆਂ ਦੀ ਸੀ। ਬੇਸ਼ਕ ਭਾਰਤ ਵਿੱਚ ਮਜਦੂਰਾਂ ਨੂੰ ਘੱਟ ਮਜਦੂਰੀ ਦਿੱਤੀ ਜਾਂਦੀ ਸੀ। ਪਰ ਫਿਰ ਵੀ ਗੋਰੇ ਉਦਯੋਗਪਤੀ ਏਸ਼ੀਆਈ ਮਜਦੂਰਾਂ ਨੂੰ ਹੀ ਤਰਜ਼ੀਹ ਦਿੰਦੇ ਸਨ। ਇਸ ਗੱਲ ਨਾਲ ਵੀ ਗੋਰੇ ਮਜਦੂਰਾਂ ਵਿੱਚ ਇਹਨਾਂ ਪ੍ਰਤੀ ਈਰਖਾ ਦੀ ਭਾਵਨਾ ਬਣੀ ਅਤੇ ਉਹ ਭਾਰਤੀਆਂ ਨੂੰ ਪਰੇਸ਼ਾਨ ਕਰਨ ਲੱਗੇ। ਉਹਨਾਂ ਨੂੰ ਗੁਲਾਮ ਕਹਿਣ ਲੱਗੇ। ਚੀਨੀ ਅਤੇ ਜਾਪਾਨੀ ਆਪਣਿਆਂ ਲਈ ਲੜੇ ਪਰ ਭਾਰਤੀਆਂ ਲਈ ਲੜਨ ਵਾਲਾ ਕੋਈ ਨਹੀਂ ਸੀ। ਇਸਦਾ ਨਤੀਜਾ ਇਹ ਨਿਕਲਿਆ ਕਿ ਕੈਨੇਡਾ ਸਰਕਾਰ ਭਾਰਤੀਆਂ ਨੂੰ ਹੋਰ ਪਰੇਸ਼ਾਨ ਕਰਨ ਲੱਗੀ। ਪਰ ਉਹਨਾਂ ਮਿਹਨਤ ਕਰਨਾ ਅਤੇ ਸੰਘਰਸ਼ ਕਰਨਾ ਨਾ ਛੱਡਿਆ। ਇਹਨਾਂ ਉੱਥੋਂ ਦੀ ਨਾਗਰਿਕਤਾ ਤਾਂ ਪ੍ਰਾਪਤ ਕਰ ਲਈ ਪਰ ਉਹਨਾਂ ਨੂੰ ਆਪਣੇ ਪਰਿਵਾਰਾਂ ਨੂੰ ਬੁਲਾਉਣ ਦੀ ਇਜ਼ਾਜਤ ਨਹੀਂ ਸੀ। ਜਿਸ ਕਰਕੇ ਉਹਨਾਂ ਨੂੰ ਵਾਪਿਸ ਮੁੜਨਾ ਪਿਆ। "ਕੈਨੇਡਾ ਵਿੱਚ ਭਾਰਤੀ ਪ੍ਰਵਾਸੀਆਂ ਦੇ ਸਾਰੇ ਸੰਗਠਿਤ ਯਤਨਾਂ ਨੇ ਅਸਲ ਵਿੱਚ ਕੈਨੇਡਾ ਸਰਕਾਰ ਨੂੰ ਬਹੁਤ ਬੇਚੈਨ ਕਰ ਦਿੱਤਾ ਅਤੇ ਕੈਨੇਡਾ ਦੇ ਗੋਰੇ ਲੋਕਾਂ ਦੁਆਰਾ ਇਕ ਨਾਅਰਾ ਲਗਾਇਆ ਗਿਆ। "ਕੈਨੇਡਾ ਨੂੰ ਗੋਰਿਆਂ ਦੀ ਧਰਤੀ ਦੇ ਰੂਪ ਵਿੱਚ ਸੁਰਖਿੱਅਤ ਰੱਖੋ।" ਕੈਨੇਡੀਅਨ ਸਰਕਾਰ ਦਾ ਮੂਲ ਉਦੇਸ਼ ਕੈਨੇਡਾ ਵਿੱਚ ਭਾਰਤੀਆਂ ਦੀ ਆਮਦ ਨੂੰ ਰੋਕਣਾ ਸੀ।"[8] ਇਸੇ ਤਰ੍ਹਾਂ ਉਹਨਾਂ ਨੂੰ ਨਸਲੀ ਵਿਤਕਰੇ ਦਾ ਸਾਹਮਣਾ ਵੀ ਕਰਨਾ ਪਿਆ ਅਤੇ ਉਹਨਾਂ ਇਹ ਵੀ ਮਹਿਸੂਸ ਕੀਤਾ ਕਿ ਇਹ ਸਭ ਹੋਣ ਦਾ ਕਾਰਨ ਭਾਰਤੀਆਂ ਦਾ ਦੇਸ਼ ਗੁਲਾਮ ਹੋਣਾ ਹੈ। ਇਸੇ ਗ਼ੁਲਾਮੀ ਨੂੰ ਦੂਰ ਕਰਨ ਲਈ ਉਹ ਇਸ ਕ੍ਰਾਂਤੀ ਵਿੱਚ ਕੁੱਦੇ ਸਨ। ਇਸੇ ਵਿੱਚੋਂ ਹੀ 'ਹਿੰਦੀ ਐਸੋਸੀਏਸ਼ਨ ਆਫ ਪੈਸੇਫਿਕ ਕੋਸਟ' ਨਾਂ ਦੀ ਜਥੇਬੰਦੀ ਦਾ ਜਨਮ ਹੋਇਆ। ਇਸੇ ਜਥੇਬੰਦੀ ਨੇ ਆਪਣੇ ਵਿਚਾਰਾਂ ਨੂੰ ਲੋਕਾਂ ਤੱਕ ਪਹੁੰਚਾਉਣ ਲਈ ਗਦਰ ਪਰਚੇ ਨੂੰ ਪ੍ਰਕਾਸ਼ਿਤ ਕੀਤਾ। ਇਸੇ ਪਰਚੇ ਦੇ ਨਾਂ ਤੇ ਹੀ ਗਦਰ ਪਾਰਟੀ ਦਾ ਨਾਂ ਪ੍ਰਚਲਿਤ ਹੋ ਗਿਆ ਸੀ। ਵਿਚਾਰਾਂ ਦੇ ਪੱਧਰ ਤੇ ਚੱਲਣ ਵਾਲੀ ਇਸ ਗਦਰ ਲਹਿਰ ਦੀ ਆਜ਼ਾਦੀ ਦੇ ਸੰਘਰਸ਼ ਵਿੱਚ ਅਹਿਮ ਭੂਮਿਕਾ ਹੈ।

ਵਿਸ਼ਵ ਦੇ ਇਤਿਹਾਸ ਵਿੱਚ ਗਦਰ ਲਹਿਰ ਦਾ ਆਪਣਾ ਇਕ ਵੱਖਰਾ ਯੋਗਦਾਨ ਹੈ ਇਸ ਨੂੰ ਸ਼ੁਰੂ ਕਰਨ ਵਾਲੇ ਗਦਰੀ ਬਾਬੇ ਸਨ। ਉਹਨਾਂ ਸਾਮਰਾਜ ਨੂੰ ਖਤਮ ਕਰਨ ਲਈ ਅਮਰੀਕਾ ਵਿੱਚ ਇਕ ਜਥੇਬੰਦੀ ਕਾਇਮ ਕੀਤੀ। ਇਹੀ ਜਥੇਬੰਦੀ ਗਦਰ ਪਾਰਟੀ ਦੇ ਨਾਂ ਨਾਲ ਜਾਣੀ ਜਾਣ ਲੱਗ ਪਈ। ਇਹ ਇਕ ਹਥਿਆਰਬੰਦ ਜਥੇਬੰਦੀ ਸੀ ਇਸ ਨੇ ਮੁਲਕ ਨੂੰ ਅਜ਼ਾਦ ਕਰਵਾਉਣ ਲਈ ਕ੍ਰਾਂਤੀਕਾਰੀ ਅੰਦੋਲਨ ਸ਼ੁਰੂ ਕੀਤਾ। ਜਿਸ ਨੂੰ ਗਦਰ ਅੰਦੋਲਨ ਕਿਹਾ ਜਾਂਦਾ ਹੈ। ਗਦਰ ਪਾਰਟੀ ਦਾ ਮਕਸਦ ਸਿਰਫ ਆਪਣੇ ਮੁਲਕ ਨੂੰ ਹੀ ਅਜ਼ਾਦ ਕਰਵਾਉਣਾ ਨਹੀਂ ਸੀ, ਬਲਕਿ ਇਹ ਕਿਹਾ ਗਿਆ ਸੀ ਕਿ ਕਿਸੇ ਵੀ ਮੁਲਕ ਵਿੱਚ ਜਦੋਂ ਅਜ਼ਾਦੀ ਲਈ ਸੰਘਰਸ਼ ਚੱਲ ਰਿਹਾ ਹੈ ਤਾਂ ਗਦਰ ਲਹਿਰ ਨਾਲ ਜੁੜਿਆ ਹਰ ਕੋਈ ਉਸ ਮੁਲਕ ਵਿੱਚ ਜੇਕਰ ਬੈਠਾ ਹੈ ਤਾਂ ਉਸ ਕ੍ਰਾਂਤੀ ਵਿੱਚ ਵੀ ਭਾਗ ਲਵੇਗਾ। ਇਹਨਾਂ ਗਦਰੀਆਂ ਦਾ ਮੰਤਵ ਸੀ ਕਿ ਗੋਰਿਆਂ ਨੂੰ ਹਰਾਉਣ ਅਤੇ ਦਬਾਉਣ ਲਈ ਆਪਣੇ ਵਿਚਾਰਾਂ ਤੋਂ ਪਿੱਛੇ ਨਹੀਂ ਹੱਟਣਾ, ਬੇਸ਼ਕ ਬਾਰ ਬਾਰ ਉਹਨਾਂ ਨੂੰ ਹਾਰ ਦਾ ਸਾਹਮਣਾ ਹੀ ਕਿਉਂ ਨਾ ਕਰਨਾ ਪਵੇ।ਗਦਰੀ ਹਿੰਦੂ, ਸਿੱਖ, ਮੁਸਲਮਾਨ ਏਕਤਾ ਤੇ ਜ਼ੋਰ ਦਿੰਦੇ ਸਨ। ਕਿਉਂਕਿ ਜਿਸ ਕੰਮ ਲਈ ਇਹ ਲਹਿਰ ਸ਼ੁਰੂ ਕੀਤੀ ਸੀ, ਉਸ ਵਾਸਤੇ ਇੱਕ ਮੁੱਠ ਰਹਿਣਾ ਜ਼ਰੂਰੀ ਸੀ। ਕਿਉਂਕਿ ਉਹ ਇਹ ਗੱਲ ਜਾਣਦੇ ਸਨ ਕਿ ਅੰਗਰੇਜ਼ ਹੁਕਮਰਾਨ ਉਹਨਾਂ ਵਿੱਚ ਫੁੱਟ ਪਾਉਣ ਵਾਸਤੇ ਕਿਸੇ ਵੀ ਹੱਦ ਤੱਕ ਜਾ ਸਕਦੇ ਹਨ। ਆਪਣੇ ਇਸ ਕੰਮ ਵਿੱਚ ਇਹਨਾਂ ਨੂੰ ਛੂਤ ਅਤੇ ਅਛੂਤ ਵਿਚਕਾਰ ਵੰਡ ਵੀ ਪਰਵਾਨ ਨਹੀਂ ਸੀ। ਗਦਰ ਪਾਰਟੀ ਨੇ ਆਪਣੇ ਮੈਬਰਾਂ ਅਤੇ ਹਮਦਰਦਾਂ ਵਿੱਚੋਂ ਨਸਲ ਜਾਤਪਾਤ ਦੇ ਸਾਰੇ ਭੇਦ ਖਤਮ ਕਰ ਦਿੱਤੇ ਸਨ। ਕੋਈ ਵੀ ਭਾਵੇਂ ਕਿਸੇ ਵੀ ਜਾਤ ਦਾ ਸੀ, ਸਾਰੇ ਇਕੱਠੇ ਉੱਠਦੇ ਬੈਠਦੇ ਖਾਂਦੇ ਪੀਂਦੇ ਸਨ। ਗਦਰ ਪਾਰਟੀ ਦੇ ਲੋਕ ਆਪਣੀਆਂ ਲਿਖਤਾਂ ਵਿੱਚ ਮਨੁੱਖਤਾ ਵਿਰੋਧੀ ਅਜਿਹੀਆਂ ਤਕਰੀਰਾਂ ਦੀ ਵੱਧ ਚੜ੍ਹ ਕੇ ਨਿਖੇਧੀ ਕਰਦੇ ਸਨ। ਬਰਤਾਨਵੀ ਸਰਕਾਰ ਵੱਲੋਂ ਇਹਨਾਂ ਨੂੰ ਆਸਤਿਕ ਅਤੇ ਨਾਸਤਿਕ ਵਿੱਚ ਵੀ ਵੰਡਣ ਦੀ ਕੋਸ਼ਿਸ ਕੀਤੀ ਗਈ ਪਰ ਗੋਰਾ ਸਰਕਾਰ ਇਸ ਵਿੱਚ ਕਾਮਯਾਬ ਨਾ ਹੋ ਸਕੀ। ਇਸ ਪਾਰਟੀ ਵਿੱਚ ਸੰਪਰਦਾਇਕ ਮਸਲੇ ਨਹੀਂ ਚੁੱਕੇ ਜਾਂਦੇ ਸਨ। ਹਰ ਕੋਈ ਕਿਸੇ ਵੀ ਧਰਮ ਵਿੱਚ ਵਿਸ਼ਵਾਸ ਰੱਖ ਸਕਦਾ ਸੀ।ਪਰ ਦੇਸ਼ ਦੀ ਆਜ਼ਾਦੀ, ਤਰੱਕੀ, ਸਨਅਤੀਕਰਨ, ਖੇਤੀ ਦੇ ਆਧੁਨਿਕ ਢੰਗ, ਬਿਮਾਰੀ, ਗੰਦਗੀ

ਆਦਿ ਸਭ ਦੇ ਸਾਂਝੇ ਸਰੋਕਾਰ ਸਨ। ਜਿਹੜੇ ਸਭ ਨੂੰ ਇੱਕੋ ਜਿਹੇ ਪ੍ਰਭਾਵਿਤ ਕਰਦੇ ਸਨ। ਇਹਨਾਂ ਸਾਰੇ ਮਨੋਰਥਾਂ ਦੀ ਪੂਰਤੀ ਏਕਤਾ ਦੁਆਰਾ ਹੀ ਕੀਤੀ ਜਾ ਸਕਦੀ ਸੀ।

ਪੰਜਾਬੀ ਕਿਉਂਕਿ ਆਪਣੇ ਆਰਥਿਕ ਹਾਲਾਤ ਬਦਲਣ ਲਈ ਪਹਿਲਾਂ ਕੈਨੇਡਾ ਹੀ ਗਏ ਸਨ ਪਰ ਕੁਝ ਕਾਰਣਾਂ ਕਰਕੇ ਉਹਨਾਂ ਨੂੰ ਮੁਸ਼ਕਲਾਂ ਦਰਪੇਸ਼ ਆਈਆਂ ਫਿਰ ਜਦੋਂ ਕੈਨੇਡਾ ਵਿੱਚ ਪੰਜਾਬੀਆਂ ਦੇ ਹਾਲਾਤ ਬਦਲਣ ਲੱਗੇ ਤਾਂ ਉਹਨਾਂ ਉਤਰੀ ਅਮਰੀਕਾ ਵੱਲ ਨੂੰ ਆਪਣਾ ਰੁੱਖ ਕਰ ਲਿਆ। ਕਿਉਂਕਿ ਉਸ ਵੇਲੇ ਉੱਥੇ ਮਜ਼ਦੂਰਾਂ ਦੀ ਲੋੜ ਵੀ ਸੀ ਅਤੇ ਪੰਜਾਬੀ ਪਹਿਲਾਂ ਹੀ ਮਿਹਨਤ ਕਰਨ ਵਿੱਚ ਅੱਗੇ ਸਨ। ਭਾਰਤੀ ਮਜ਼ਦੂਰਾਂ ਦੀ ਸ਼ਿਕਾਗੋ ਅਤੇ ਨਿਊਯਾਰਕ ਮਦਦ ਕਰਨ ਲਈ ਅਮਰੀਕਾ ਵਿੱਚ ਰਹਿੰਦੇ ਭਾਰਤੀਆਂ ਨੇ 'ਇੰਡੋ ਅਮਰੀਕਨ ਸੋਸਾਇਟੀ' ਕਾਇਮ ਕੀਤੀ। ਇਕ ਇੰਡੀਆ ਹਾਊਸ ਵੀ ਸਥਾਪਿਤ ਕੀਤਾ ਗਿਆ ਜਿੱਥੇ ਅਮਰੀਕਾ ਵਿੱਚ ਭਾਰਤ ਤੋਂ ਆਏ ਲੋਕ ਜਿਹੜੇ ਅੱਗੇ ਪੜ੍ਹਨ ਦੇ ਚਾਹਵਾਨ ਸਨ ਉਹਨਾਂ ਦੀ ਵਿਤੀ ਮਦਦ ਵੀ ਕੀਤੀ ਗਈ।ਇਸ ਵਿੱਚ ਲਾਲਾ ਹਰਦਿਆਲ, ਸੰਤ ਤੇਜਾ ਸਿੰਘ,ਭਾਈ ਪਰਮਾਨੰਦ, ਭਾਈ ਜਵਾਲਾ ਸਿੰਘ, ਭਾਈ ਸੰਤੋਖ ਸਿੰਘ, ਵਿਸਾਖਾ ਸਿੰਘ ਦਾ ਬਹੁਤ ਯੋਗਦਾਨ ਰਿਹਾ ਹੈ। ਇਹਨਾਂ ਭਾਰਤੀਆਂ ਦੇ ਨਾਲ ਬਾਗ਼ੀ ਰੁਚੀਆਂ ਵਾਲੇ ਲੋਕ ਵੀ ਉੱਥੇ ਪਹੁੰਚ ਗਏ।ਗਦਰ ਲਹਿਰ ਨੂੰ ਦੋ ਕਾਰਨਾਂ ਕਰਕੇ ਹੋਰ ਵਧਾ ਦਿੱਤਾ ਗਿਆ। ਇਹ ਸੀ ਕਾਮਾਗਾਟਾਮਾਰੂ ਜਹਾਜ ਦਾ ਵਾਪਸ ਪਰਤਣਾ ਅਤੇ ਯੂਰਪ ਵਿੱਚ ਪਹਿਲੀ ਵਿਸ਼ਵ ਜੰਗ ਦਾ ਸ਼ੁਰੂ ਹੋਣਾ।

"ਗਦਰ ਲਹਿਰ ਨੂੰ ਦੋ ਪਰਸਥਿਤੀਆਂ ਨੇ ਅੱਗੇ ਤੋਰਿਆ;

(ੳ) ਕਾਮਾਗਾਟਾਮਾਰੂ ਜਹਾਜ ਜੱਦੋ ਜਹਿਦ ਅਤੇ ਵਾਪਸੀ ਦੁਖਾਂਤ;

(ਅ) ਯੂਰਪ 'ਚ ਪਹਿਲੀ ਵਿਸ਼ਵ ਜੰਗ ਦਾ ਸ਼ੁਰੂ ਹੋਣਾ। ਕਾਮਾਗਾਟਾਮਾਰੂ ਦੁਖਾਂਤ ਨੇ ਗਦਰ ਦੇ ਕ੍ਰਾਂਤੀਕਾਰੀ ਪ੍ਰੋਗ੍ਰਾਮ ਨੂੰ ਹੋਰ ਤੇਜ਼ ਕਰ ਦਿੱਤਾ।"[9]

ਜਦੋਂ ਇਹ ਯੁੱਧ ਸ਼ੁਰੂ ਹੋਇਆ ਤਾਂ ਅੰਗਰੇਜ਼ਾਂ ਨੂੰ ਇਸ ਯੁੱਧ ਵਿੱਚ ਬਹੁਤ ਜੱਦੋ ਜਹਿਦ ਕਰਨੀ ਪਈ ਸੀ। ਉਹਨਾਂ ਭਾਰਤੀਆਂ ਨੂੰ ਇਸ ਯੁੱਧ ਵਿੱਚ ਸ਼ਾਮਲ ਹੋਣ ਦਾ ਹੁਕਮ ਦੇ ਦਿੱਤਾ। ਬਹੁਤ ਸਾਰੇ ਭਾਰਤੀ ਫੌਜ ਵਿੱਚ ਭਰਤੀ ਕੀਤੇ ਗਏ। ਜਿੰਨ੍ਹਾਂ ਵਿੱਚੋਂ ਜਿਆਦਾਤਰ ਪੰਜਾਬੀ ਸਨ। ਇਹਨਾਂ ਫੌਜੀਆਂ ਨੂੰ ਵੱਖ-ਵੱਖ ਥਾਵਾਂ ਤੇ ਭੇਜਿਆ ਜਾਣ ਲੱਗਾ। ਇਸ ਯੁੱਧ ਨਾਲ ਖਾਣ ਵਾਲੀਆਂ ਵਸਤਾਂ ਮਹਿੰਗੀਆਂ ਹੋਣ ਲੱਗੀਆਂ। ਜਿਸ ਨਾਲ ਲੋਕਾਂ ਵਿੱਚ ਬੇਚੈਨੀ ਵਧਣ ਲੱਗੀ। ਅੰਤ ਗਦਰ ਰਸਾਲੇ (ਜਿਸ ਦੇ ਨਾਂ ਤੇ ਇਸ ਲਹਿਰ ਦਾ ਨਾਂ ਰੱਖਿਆ ਗਿਆ) ਅਤੇ ਇਸ ਯੁੱਧ ਦੇ ਕਾਰਨ ਲੋਕ ਅੰਗਰੇਜ਼ਾਂ ਵਿੱਰੁਧ ਖੜੇ ਹੋ ਗਏ ਅਤੇ ਉਹ ਹਥਿਆਰਬੰਦ ਹੋ ਕੇ ਭਾਰਤ ਮੁੜੇ ਅਤੇ ਲੋਕਾਂ ਨੂੰ ਆਜ਼ਾਦੀ ਲਈ ਤਿਆਰ ਕੀਤਾ।ਭਾਰਤੀ ਆਪਣੀ ਆਰਥਿਕਤਾ ਠੀਕ ਕਰਨ ਲਈ ਹੀ ਵਿਦੇਸ਼ਾਂ ਵੱਲ ਨੂੰ ਗਏ ਸਨ ਕਿਉਂਕਿ 19ਵੀਂ ਸਦੀ ਦੇ ਦੂਜੇ ਅੱਧ ਤੱਕ ਕਿਸਾਨਾਂ ਦੀ ਦਸ਼ਾ ਖਰਾਬ ਹੋ ਗਈ ਸੀ। ਜਿਸ ਜ਼ਮੀਨ ਤੋਂ ਉਹ ਥੋੜੀ ਬਹੁਤ ਰੋਟੀ ਕਮਾ ਰਹੇ ਸਨ, ਉਹ ਬਾਣੀਏ ਸ਼ਾਹੂਕਾਰਾਂ ਦੇ ਹੱਥਾਂ ਵਿੱਚ ਚਲੀ ਗਈ ਸੀ। "ਲਗਾਤਰ ਦੋ ਫਸਲਾਂ ਫੇਲ ਹੋ ਚੁੱਕੀਆਂ ਸਨ, 1905 ਤੋਂ 1906 ਵਿੱਚ ਪੰਜਾਬ ਦੇ ਸੇਜੂ ਇਲਾਕੇ ਦੀ ਮੁੱਖ ਫਸਲ ਕਪਾਹ ਦੇ ਟੀਂਡੇ ਦੇ ਕੀੜੇ ਨੇ ਨਸ਼ਟ ਕਰ ਦਿੱਤਾ ਸੀ। ਕਿਸਾਨ ਖਫ਼ਾ ਰੌਂਅ ਵਿੱਚ ਸਨ।"[10] ਭਾਰਤੀ ਗੋਰਾ ਸਰਕਾਰ ਤੋਂ ਦੁਖੀ ਤਾਂ ਬਹੁਤ ਸਨ ਪਰ ਆਰਥਿਕਤਾ ਹੱਥੋਂ ਮਜਬੂਰ ਸਨ। ਜਿਸ ਕਾਰਨ ਨੌਜਵਾਨ ਕਿਸਾਨ ਕੋਲ਼ ਸਿਰਫ ਰੰਗਰੂਟ ਬਣਨ ਅਤੇ ਬਗਾਨੇ ਮੁਲਕਾਂ ਵਿੱਚ ਜਾਣ ਤੋਂ ਇਲਾਵਾ ਕੋਈ ਹੋਰ ਰਾਹ ਹੈ ਹੀ ਨਹੀਂ ਸੀ। ਰੰਗਰੂਟ ਬਣਨ ਤੋਂ ਬਾਅਦ ਵੀ ਅੰਗਰੇਜ਼ਾਂ ਨੇ ਉਹਨਾਂ ਨੂੰ ਉਤਨਾ ਕੁ ਰੋਜ਼ਗਾਰ ਦਿੱਤਾ ਜਿਸ ਨਾਲ ਉਹਨਾਂ ਦਾ ਗੁਜਾਰਾ ਹੋ ਸਕੇ। ਅੰਗਰੇਜ਼ ਸਰਕਾਰ ਭਾਰਤੀਆਂ ਦੀ ਮਜਬੂਰੀ ਨੂੰ ਸਮਝਦੀ ਸੀ ਜਿਸ ਕਰਕੇ ਉਹਨਾਂ ਨੇ ਇਹਨਾਂ ਦਾ ਨਾਜਾਇਜ਼ ਫਾਇਦਾ ਚੁੱਕਣਾ ਸ਼ੁਰੂ ਕਰ ਦਿੱਤਾ।

ਅਮਰੀਕਾ ਆਉਣ ਤੋਂ ਪਹਿਲਾਂ ਜਦੋਂ ਇਹ ਲੋਕ ਕੈਨੇਡਾ ਵਿੱਚ ਸਨ ਤਾਂ ਆਪਣੀ ਮਿਹਨਤ ਦੇ ਬੱਲਬੂਤੇ ਇਹਨਾਂ ਆਪਣੇ ਪੈਰ ਕੈਨੇਡਾ ਵਿੱਚ ਜਮਾ ਲਏ ਸਨ। ਭਾਰਤੀਆਂ ਨੇ ਕੈਨੇਡਾ ਵਿੱਚ ਯੁਨਾਇਟਿਡ ਇੰਡੀਆ ਅਤੇ ਖਾਲਸਾ ਦੀਵਾਨ ਸੋਸਾਇਟੀ ਦੀ ਸਥਾਪਨਾ ਕੀਤੀ ਅਤੇ ਬ੍ਰਿਟਿਸ਼ ਅਤੇ ਉਹਨਾਂ ਦੀਆਂ ਨੀਤੀਆਂ ਵਿੱਰੁਧ ਪ੍ਰਚਾਰ ਸ਼ੁਰੂ ਕਰ ਦਿੱਤਾ। 1913 ਦੇ ਵਿੱਚ ਛਪਿਆ ਗਦਰ ਪਰਚਾ ਪਹਿਲਾਂ ਗੁਰਮੁਖੀ, ਉਰਦੂ ਅਤੇ ਮਰਾਠੀ ਵਿੱਚ ਕੱਢਿਆ ਜਾਂਦਾ ਸੀ ਪਰ ਬਾਅਦ ਵਿੱਚ ਇਸ ਨੂੰ ਹਿੰਦੀ ਅਤੇ ਅੰਗਰੇਜ਼ੀ ਭਾਸ਼ਾਵਾਂ ਵਿੱਚ ਵੀ ਕੱਢਣਾ ਸ਼ੁਰੂ ਕੀਤਾ ਗਿਆ।ਇਸ ਦਾ ਮਕਸਦ ਭਾਰਤ ਵਿੱਚ ਹਿੰਸਕ ਕ੍ਰਾਂਤੀ ਲੈ ਕੇ ਆਉਣਾ ਸੀ ਅਤੇ ਇਹਨਾਂ ਦਾ ਨਾਅਰਾ ਵੰਦੇ ਮਾਤਰਮ ਦਾ ਸੀ।ਇਸ ਦੁਆਰਾ ਭਾਰਤੀਆਂ ਨੂੰ ਅੰਗਰੇਜ਼ਾਂ ਦੁਆਰਾ ਕੀਤੇ ਜਾਂਦੇ ਅਤਿਆਚਾਰਾਂ ਬਾਰੇ ਜਾਣੂ ਕਰਵਾਇਆ ਗਿਆ। ਲੋਕਾਂ ਨੂੰ ਹਿੰਸਕ ਕ੍ਰਾਂਤੀ ਦੁਆਰਾ ਭਾਰਤ ਨੂੰ ਅਜ਼ਾਦ ਕਰਵਾਉਣ ਦੀ ਅਪੀਲ ਕੀਤੀ ਗਈ। "1912-13 ਵਿਚ ਸਾਨਫਰਾਂਸਿਸਕੋ (ਅਮਰੀਕਾ) ਵਿਖੇ ਗਦਰ ਪਾਰਟੀ ਬਣੀ ਅਤੇ ਗਦਰ ਨਾਂ ਦਾ ਅਖਬਾਰ ਸ਼ੁਰੂ ਹੋਇਆ। ਇਸ ਦੀਆਂ ਗਰਮ ਖਿਆਲ ਲਿਖਤਾਂ ਨੇ ਦੇਸ਼ ਵਾਸੀਆਂ ਵਿਚ ਇਨਕਲਾਬੀ ਜਜ਼ਬਾ ਅਤੇ ਅੰਗਰੇਜ਼ਾਂ ਵਿਰੁੱਧ ਘ੍ਰਿਣਾ ਪੈਦਾ ਕਰ ਦਿੱਤੀ।"[11] ਇਸ ਲਹਿਰ ਦਾ ਮੂਲ ਮਕਸਦ ਅੰਗਰੇਜ਼ਾਂ ਨੂੰ ਹਥਿਆਰਬੰਦ ਤਰੀਕੇ ਨਾਲ ਮੁਲਕ 'ਚੋਂ ਬਾਹਰ ਕੱਢਣਾ ਸੀ। ਇਹ ਲਹਿਰ ਇਕ ਅਜਿਹੀ ਲਹਿਰ ਸੀ ਜਿਹੜੀ ਪੂਰੇ ਤਰੀਕੇ ਨਾਲ ਧਰਮ ਨਿਰਪੱਖ ਬਣ ਚੁੱਕੀ ਸੀ। ਕਿਸੇ ਵੀ ਧਰਮ ਵਿਚ ਨਾ ਪੈ ਕੇ ਪੂਰੀ ਤਰ੍ਹਾਂ ਹਿੰਦੂਸਤਾਨੀ ਹੋਣ ਅਤੇ ਕਹਾਉਣ ਲਈ ਇਹ ਲੋਕ ਇੱਛੁਕ ਸਨ। "ਗਦਰ ਲਹਿਰ 'ਚ ਵੰਦੇ ਮਾਤਰਮ, ਦੇਸ਼ ਭਗਤੀ, ਪਰਉਪਕਾਰ, ਆਜ਼ਾਦੀ ਦਾ ਆਦਰਸ਼ ਪੜਾਵਾਂ 'ਚੋਂ ਹੁੰਦਿਆਂ ਬਰਾਬਰੀ ਦੇ ਟਿਕੇ ਨਿਜ਼ਾਮ ਲਈ ਸਾਮਰਾਜਵਾਦ-ਮੁਰਦਾਬਾਦ ਇਨਕਲਾਬ-ਜ਼ਿੰਦਾਬਾਦ

ਅਤੇ ਸਮਾਜਵਾਦ ਵੱਲ ਪੁਲਾਂਘਾਂ ਅਗਲੇ ਤੋਂ ਅਗਲੇ ਪੜਾਅ ਹਨ।"[12] ਜਦੋਂ ਅਮਰੀਕਾ ਵਿੱਚ ਗਦਰ ਲਹਿਰ ਜੋਰ ਫੜਨ ਲੱਗੀ ਤਾਂ ਭਾਰਤ ਵਿੱਚ ਵੀ ਇਸ ਦੇ ਕਾਰਕੁੰਨਾ ਦੀ ਲੋੜ ਸੀ।ਗਦਰੀ ਨੇਤਾਵਾਂ ਨੇ ਭਾਰਤ ਵਿੱਚ ਵੱਖ-ਵੱਖ ਜਹਾਜਾਂ ਦੇ ਰਾਹੀਂ ਕ੍ਰਾਂਤੀਕਾਰੀ ਭੇਜਣੇ ਸ਼ੁਰੂ ਕਰ ਦਿੱਤੇ। ਪਰ ਹਰ ਵਾਰੀ ਉਹਨਾਂ ਨੂੰ ਫੜ ਲਿਆ ਜਾਂਦਾ ਅਤੇ ਜੇਲਾਂ ਵਿੱਚ ਸੁੱਟ ਦਿਤਾ ਜਾਂਦਾ ਸੀ। ਪਰ ਇੰਨੀ ਸਖ਼ਤ ਸੁਰੱਖਿਆ ਦੇ ਬਾਵਜੂਦ ਵੀ ਪਹਿਲੇ ਮਹਾਂ ਯੁੱਧ ਵਿੱਚ ਦੋ ਸਾਲਾਂ ਦੌਰਾਨ ਕੈਨੇਡਾ ਅਤੇ ਅਮਰੀਕਾ ਤੋਂ ਲਗਭਗ ਅੱਠ ਹਜ਼ਾਰ (8000) ਗਦਰੀ ਭਾਰਤ ਪੁੱਜੇ। ਇਹ ਲੋਕ ਕ੍ਰਾਂਤੀ ਦੀ ਅੱਗ ਨੂੰ ਹੋਰ ਭੜਕਾਉਣ ਲਈ ਭਾਰਤ ਵਾਪਸ ਆ ਰਹੇ ਸਨ। ਇਹਨਾਂ ਹਥਿਆਰਾਂ ਦੀ ਤਸਕਰੀ ਕੀਤੀ ਅਤੇ ਭਾਰਤੀ ਫੌਜਾਂ ਨੂੰ ਅੰਗਰੇਜ਼ਾਂ ਵਿਰੁੱਧ ਬਗਾਵਤ ਲਈ ਉਕਸਾਇਆ।ਗਦਰ ਵਿਦਰੋਹ ਵਜੋਂ ਜਾਣਿਆ ਜਾਂਦਾ ਇਹ ਵਿਦਰੋਹ ਅਸਫਲ ਰਿਹਾ ਅਤੇ ਕੁਝ ਗਦਰੀਆਂ ਨੂੰ ਦੋਸ਼ੀ ਕਰਾਰ ਦਿੰਦੇ ਹੋਏ ਬਰਤਾਨਵੀ ਹਕੂਮਤ ਨੇ ਉਹਨਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਗਦਰੀਆਂ ਨੇ ਜਰਮਨੀ ਅਤੇ ਤੁਰਕੀ ਨਾਲ ਰੱਲ ਕੇ ਕੁਝ ਸਾਲ ਵਿਰੋਧੀ ਕਾਰਵਾਈਆਂ ਵੀ ਕੀਤੀਆਂ। ਜਿਸ ਨੂੰ ਹਿੰਦੂ ਜਰਮਨ ਸਾਜਿਸ਼ ਵਜੋਂ ਜਾਣਿਆ ਜਾਂਦਾ ਹੈ। ਬਾਅਦ ਵਿੱਚ ਪਾਰਟੀ ਕਮਿਊਨਿਸਟ ਅਤੇ ਭਾਰਤੀ ਸਮਾਜਵਾਦੀ ਧੜਿਆਂ ਵਿੱਚ ਵੰਡੀ ਗਈ। ਬੇਸ਼ਕ ਗਦਰ ਪਾਰਟੀ ਬ੍ਰਿਟਿਸ਼ ਰਾਜ ਦੀਆਂ ਜੜ੍ਹਾਂ ਨਾ ਉਖਾੜ ਸਕੀ ਪਰ ਗਦਰ ਪਾਰਟੀ ਦੇ ਵਿਦਰੋਹੀ ਆਦਰਸ਼ਾਂ ਨੇ ਗਾਂਧੀਵਾਦੀ ਮਹਿਮਾ ਦਾ ਵਿਰੋਧ ਕਰਨ ਵਾਲੇ ਭਾਰਤੀ ਸੁਤੰਤਰਤਾ ਅੰਦੋਲਨ ਦੇ ਮੈਬਰਾਂ ਨੂੰ ਪ੍ਰਭਾਵਿਤ ਕੀਤਾ।

ਹਥਿਆਰਬੰਦ ਗਦਰੀ ਅਜ਼ਾਦ ਅਤੇ ਬਰਾਬਰਤਾ ਦੇ ਭਾਰਤ ਦਾ ਸੁਪਨਾ ਵੇਖਦੇ ਸਨ। ਜਦੋਂ ਕੈਨੇਡਾ ਦੇ ਰਾਹ ਬੰਦ ਹੋਏ ਤਾਂ ਭਾਰਤੀਆਂ ਨੇ ਅਮਰੀਕਾ ਵੱਲ ਨੂੰ ਰੁੱਖ ਕੀਤਾ। ਜਿੱਥੇ ਅਮਰੀਕੀ ਗੋਰਿਆਂ ਵਿੱਚ ਭਾਰਤੀਆਂ ਦੀ ਗਿਣਤੀ ਵਧਣ ਲੱਗੀ ਤਾਂ ਉਹਨਾਂ ਨੂੰ ਵੀ ਡਰ ਸਤਾਉਣ ਲੱਗਾ। ਗੋਰੇ ਮਜਦੂਰਾਂ ਵਿੱਚ ਨਸਲਵਾਦ ਦਾ ਪਾੜਾ ਵੱਧ ਗਿਆ। ਜਿਸ ਕਰਕੇ ਸੰਪੂਰਨ ਭਾਰਤੀਆਂ ਨੂੰ ਇਕ ਜੁੱਟ ਹੋਣਾ ਹੀ ਪੈਣਾ ਸੀ। ਭਾਰਤੀਆਂ ਲਈ ਇਹ ਸਭ ਕੁਝ ਸਹਿਣਾ ਮੁਸ਼ਕਲ ਹੋ ਗਿਆ ਅਤੇ ਆਜ਼ਾਦੀ ਲਈ ਸੰਘਰਸ਼ ਜੋਰ ਫੜਨ ਲੱਗਾ। ਗਦਰ ਲਹਿਰ ਦੇ ਸੂਰਬੀਰਾਂ ਨੂੰ ਸਾਮਰਾਜ ਵੱਲੋਂ ਤਸੀਹੇ ਵੀ ਦਿੱਤੇ ਗਏ, ਜਿਸ ਕਰਕੇ ਇਹ ਕਿਤੇ ਨਾ ਕਿਤੇ ਦੱਬਦੀ ਰਹੀ ਪਰ ਸਾਹਿਤ ਵਿੱਚ ਇਹ ਸੁਲਘਦੀ ਰਹੀ ਅਤੇ ਇਕ ਪੜਾਅ ਤੋਂ ਦੂਜੇ ਪੜਾਅ ਤੱਕ ਵੱਧਦੀ ਰਹੀ। ਗਦਰ ਪਰਚੇ ਨੂੰ ਵੀ ਅੰਗਰੇਜ਼ਾਂ ਨੇ ਦਬਾਉਣ ਦੀ ਬਹੁਤ ਕੋਸ਼ਿਸ ਕੀਤੀ। ਪਰ ਉਹ ਕਿਸੇ ਵੀ ਤਰ੍ਹਾਂ ਸਫਲ ਨਾ ਹੋਏ। ਭਾਰਤੀ ਸਿਪਾਹੀਆਂ ਨੂੰ ਬਰਤਾਨਵੀ ਹਕੂਮਤ ਦੇ ਖਿਲਾਫ ਭੜਕਾਉਣ ਲਈ ਹਿੰਦੂਸਤਾਨੀ ਸਿਪਾਹੀ ਪ੍ਰਕਾਸ਼ਿਤ ਕੀਤਾ ਗਿਆ। 'ਵੰਦੇ ਮਾਤਰਮ' ਇਸ ਪਾਰਟੀ ਦਾ ਨਾਅਰਾ ਸੀ। ਬਰਤਾਨਵੀ ਲਾਲਾ ਹਰਦਿਆਲ ਨੂੰ ਅਮਰੀਕਾ ਤੋਂ ਬਾਹਰ ਕੱਢਣਾ ਚਾਹੁੰਦੇ ਸਨ ਅਤੇ ਇਹ ਉਹਨਾਂ ਦੀ ਸੋਚੀ ਸਮਝੀ ਚਾਲ ਸੀ। ਉਹ ਸੋਚਦੇ ਸਨ ਕਿ ਜੇਕਰ ਲਾਲਾ ਹਰਿਦਿਆਲ ਨੂੰ ਅਮਰੀਕਾ ਵਿੱਚੋਂ ਕੱਢ ਦਿੱਤਾ ਜਾਵੇਗਾ ਤਾਂ ਗਦਰ ਲਹਿਰ ਆਪਣੇ ਆਪ ਖਤਮ ਹੋ ਜਾਵੇਗੀ। ਪਰ ਅਜਿਹਾ ਕੁਝ ਵੀ ਨਾ ਹੋਇਆ। ਲਾਲਾ ਹਰਿਦਿਆਲ ਨੂੰ ਕਿਸੇ ਭਾਸ਼ਣ ਦੇ ਅਧਾਰ ਤੇ ਗ੍ਰਿਫਤਾਰ ਕਰ ਲਿਆ ਗਿਆ ਪਰ ਪਾਰਟੀ ਨੇ ਉਸ ਦੀ ਜਮਾਨਤ ਕਰਵਾ ਕੇ ਉਸ ਨੂੰ ਸਵਿਟਜ਼ਰਲੈਂਡ ਭੇਜ ਦਿੱਤਾ। ਗਦਰ ਪਾਰਟੀ ਦੀਆਂ ਗਤੀਵਿਧੀਆਂ ਅਮਰੀਕਾ ਅਤੇ ਕੈਨੇਡਾ ਤੱਕ ਹੀ ਸੀਮਿਤ ਨਹੀਂ ਸਨ ਸਗੋਂ ਉਹਨਾਂ ਜਾਪਾਨ ਹਾਂਗਕਾਂਗ, ਸਿੰਘਾਪੁਰ, ਸ਼ੰਘਾਈ ਬਹੁਤ ਸਾਰੇ ਮੁਲਕਾਂ ਵਿੱਚ ਆਪਣੀਆਂ ਗਤੀਵਿਧੀਆਂ ਫੈਲਾ ਲਈਆਂ।ਬਹੁਤ ਸਾਰੇ ਭਾਰਤੀਆਂ ਨੂੰ ਗਦਰ ਗਤੀਵਿਧੀਆਂ ਕਰਕੇ ਉੱਥੋਂ ਵੀ ਕੱਢ ਦਿੱਤਾ ਗਿਆ, ਪਰ ਗੁਰਦੁਆਰੇ ਉਹਨਾਂ ਦੀਆਂ ਰਾਜਨੀਤਿਕ ਗਤੀਵਿਧੀਆਂ ਦਾ ਕੇਂਦਰ ਬਣ ਗਏ।ਗਦਰੀਆਂ ਲਈ ਇਹ ਬਹੁਤ ਨਿਰਾਸ਼ਾਜਨਕ ਗੱਲ ਸੀ ਕਿ ਇਨਕਲਾਬ ਲਈ ਭਾਰਤ ਵਿੱਚ ਅਜੇ ਉਹ ਮਾਹੌਲ ਨਹੀਂ ਬਣ ਰਿਹਾ ਸੀ ਕਿਉਂਕਿ ਉਹਨਾਂ ਅਨੁਸਾਰ ਕਾਂਗਰਸੀ ਨੇਤਾ ਬਰਤਾਨਵੀਂ ਹਿੱਤਾਂ ਪ੍ਰਤੀ ਵਧੇਰੇ ਹਮਦਰਦੀ ਰੱਖਦੇ ਸਨ।

ਗਦਰੀਆਂ ਨੇ ਇਕ ਮੀਟਿੰਗ ਕੀਤੀ ਅਤੇ ਉਸ ਵਿੱਚ ਭਾਰਤੀਆਂ ਨੂੰ ਅਗਾਹ ਅਤੇ ਚੇਤੰਨ ਕਰਨ ਦੀ ਗੱਲ ਰੱਖੀ ਗਈ। ਇਸ ਗੱਲ ਨੂੰ ਅਮਲ ਵਿੱਚ ਲਿਆਉਣ ਲਈ ਸੋਹਨ ਸਿੰਘ ਭਕਨਾ ਆਪਣੇ ਸਾਥੀਆਂ ਨਾਲ ਭਾਰਤ ਪਹੁੰਚ ਗਿਆ। ਉਸ ਤੋਂ ਬਾਅਦ ਬਹੁਤ ਸਾਰੇ ਗਦਰੀ ਭਾਰਤ ਵੱਲ ਨੂੰ ਤੁਰ ਪਏ।ਸੈਂਕੜਿਆਂ ਤੋਂ ਵੱਧਦੀ ਇਹਨਾਂ ਦੀ ਗਿਣਤੀ ਹਜ਼ਾਰਾਂ ਤੱਕ ਪਹੁੰਚ ਗਈ। ਭਾਰਤੀ ਗੋਰਾ ਸਰਕਾਰ ਇਹਨਾਂ ਦੀਆਂ ਹਰਕਤਾਂ ਤੇ ਨਜ਼ਰ ਰੱਖਣ ਲੱਗੀ। ਇਹਨਾਂ ਦੀਆਂ ਹਰਕਤਾਂ ਨੂੰ ਰੋਕਿਆ ਜਾਣ ਲੱਗਾ ਜਿਸ ਨਾਲ ਪਾਰਟੀ ਨੂੰ ਕੁੱਝ ਧੱਕਾ ਲਗਾ। ਪਰ ਨਵੇਂ ਲੀਡਰਾਂ ਨੇ ਸਥਿਤੀ ਨੂੰ ਕੁੱਝ ਸੰਭਾਲ ਲਿਆ। ਉਹਨਾਂ ਛੋਟੇ ਕਿਤਾਬਚੇ, ਦੁਪੱਤਰੀਆਂ, ਚੁਪਤੱਰੀਆਂ ਛਾਪ ਕੇ ਲੋਕਾਂ ਨੂੰ ਅਗਾਹ ਕੀਤਾ। ਗਦਰ ਲਹਿਰ ਸਭ ਦੇ ਹੱਕ ਵਿੱਚ ਭੁਗਤਣ ਵਾਲੀ ਲਹਿਰ ਸੀ ਜਿਸ ਨੇ ਲੋਕਾਂ ਨੂੰ ਅਗਾਹ ਅਤੇ ਚੇਤੰਨ ਤਾਂ ਕੀਤਾ ਨਾਲ ਦੀ ਨਾਲ ਇਹ ਵੀ ਦੱਸਿਆ ਕਿ ਅਜ਼ਾਦੀ ਹਰ ਵਰਗ ਦਾ ਅਧਿਕਾਰ ਹੈ ਅਤੇ ਆਪਣੇ ਆਪ ਨੂੰ ਅਜ਼ਾਦ ਰੱਖਣ ਲਈ ਮਨੁੱਖ ਨੂੰ ਆਪਣੇ ਹੱਕਾਂ ਲਈ ਲੜਨਾ ਵੀ ਪਵੇਗਾ। ਇਸ ਉਪਰਾਲੇ ਨੇ ਲੋਕਾਂ ਦੇ ਮਨਾਂ ਵਿੱਚ ਵਿਦਰੋਹ ਦੀ ਭਾਵਨਾ ਨੂੰ ਜਗਾ ਦਿੱਤਾ। ਜਿਸ ਵਿੱਚੋਂ ਰੋਲੈਟ ਐਕਟ ਵਿਰੋਧੀ ਲਹਿਰ, ਗੁਰਦੁਆਰਾ ਸੁਧਾਰ ਲਹਿਰ, ਬੱਬਰ ਅਕਾਲੀ ਲਹਿਰ, ਕਿਰਤੀ ਲਹਿਰ, ਮੁਜ਼ਾਰਾ ਅੰਦੋਲਨ ਆਦਿ ਪੈਦਾ ਹੋਏ। ਗਦਰੀਆਂ ਵਿੱਚ ਬਹੁਤੀ ਗਿਣਤੀ ਸਿੱਖਾਂ ਦੀ ਸੀ। ਬਹੁਤੇ ਗਦਰੀ ਪੰਜਾਬੀ ਸਿੱਖ ਕਿਸਾਨ ਹੀ ਸਨ।ਇਹਨਾਂ ਨੇ ਆਪਣੀ ਹਿੰਮਤ ਨਾਲ ਪਾਰਟੀ ਦਾ ਮੂੰਹ ਮੁਹਾਂਦਰਾ ਬਣਾ ਦਿੱਤਾ। ਬੇਸ਼ਕ ਇਸ ਪਾਰਟੀ ਵਿੱਚ ਜ਼ਿਆਦਾਤਰ ਸਿੱਖ ਪੰਜਾਬੀ ਸਨ, ਪਰ ਲੀਡਰਸ਼ਿਪ ਵਿੱਚ ਹਿੰਦੂ, ਮੁਸਲਮਾਨ, ਸਿੱਖ ਸਾਰੇ ਸਨ। ਇਸ ਸਭ ਦਾ ਮੋਢੀ ਸੋਹਨ ਸਿੰਘ ਭਕਨਾ ਹੀ ਸੀ। ਇਹਨਾਂ ਸਰਗਰਮੀਆਂ ਨੇ ਭਾਰਤੀਆਂ ਨੂੰ ਜਾਗਰੁਕ ਕੀਤਾ। ਮੋਹਤਬਰ ਇਕੱਠੇ ਹੁੰਦੇ ਅਤੇ ਇਹਨਾਂ ਮਸਲਿਆਂ ਤੇ ਚਰਚਾ ਕਰਦੇ। ਇਹਨਾਂ ਅਮਰੀਕਾ ਅਤੇ ਕੈਨੇਡਾ ਵਿੱਚ ਆਪਣੇ ਦੇਸ਼ਵਾਸੀਆਂ ਨਾਲ ਹੋਏ ਦੁਰਵਿਵਹਾਰ ਕਾਰਨ ਵਿਰੋਧ ਕੀਤਾ। ਹੁਣ ਤੱਕ

ਭਾਰਤੀ ਰਾਜਨੀਤਿਕ ਤੌਰ ਤੇ ਪੂਰੀ ਤਰ੍ਹਾਂ ਚੇਤੰਨ ਹੋ ਚੁੱਕੇ ਸਨ। ਬਹੁਤ ਸਾਰੀਆਂ ਥਾਵਾਂ ਤੇ ਉਹਨਾਂ ਨੇ ਆਪਣੇ ਆਪ ਨੂੰ ਸੰਗਠਿਤ ਕਰ ਲਿਆ ਸੀ। ਹਥਿਆਰ ਵੀ ਉਹਨਾਂ ਕੋਲ ਸੀ । ਇਸ ਤਰ੍ਹਾਂ ਕਿਸੇ ਵੀ ਤਰ੍ਹਾਂ ਦਾ ਮੁਕਾਬਲਾ ਕਰਨ ਲਈ ਉਹ ਪੂਰੀ ਤਰ੍ਹਾਂ ਤਿਆਰ ਹੋ ਚੁੱਕੇ ਸਨ।

ਜਿਵੇਂ ਕਿ ਪਹਿਲਾਂ ਵੀ ਇਹ ਗੱਲ ਕੀਤੀ ਗਈ ਹੈ ਕਿ ਗਦਰ ਲਹਿਰ ਦੀ ਵਿਲਖਣਤਾ ਇਸ ਗੱਲ ਵਿੱਚ ਸੀ ਕਿ ਇਹ ਨਸਲਵਾਦ/ ਜਾਤੀਪਾਤੀ ਦੇ ਖਿਲਾਫ ਸੀ। ਇਹਨਾਂ ਨੇ ਅੰਗਰੇਜ਼ਾਂ ਦੀ ਹਥਿਆਰਬੰਦ ਵਿਰੋਧਤਾ ਕੀਤੀ। ਪਾਰਟੀ ਨੇ ਆਪਣੇ ਸਾਥੀਆਂ ਨੂੰ ਹਥਿਆਰ ਅਤੇ ਬੰਬ ਚਲਾਉਣ ਦੀ ਸਿਖਲਾਈ ਦਿੱਤੀ। ਇਸੇ ਸਿਖਲਾਈ ਦੌਰਾਨ ਹਰਨਾਮ ਸਿੰਘ ਦੀ ਬੰਬ ਫਟਣ ਨਾਲ ਬਾਂਹ ਉੱਡ ਗਈ ਜਿਸ ਕਰਕੇ ਉਹਨਾਂ ਦਾ ਨਾਂ 'ਟੁੰਡੀਲਾਟ' ਪੈ ਗਿਆ। ਪੂਰਬੀ ਏਸ਼ੀਆਈ ਦੇਸ਼ਾਂ ਵਿੱਚ ਵੀ ਗਦਰ ਪਾਰਟੀ ਨੇ ਖੂਬ ਪ੍ਰਚਾਰ ਕੀਤਾ ਅਤੇ ਗੁਰਦੁਆਰੇ ਗਦਰ ਪਾਰਟੀ ਦਾ ਪ੍ਰਚਾਰ ਕੇਂਦਰ ਬਣੇ।ਗਦਰ ਲਹਿਰ ਅਤੇ ਗਦਰ ਪਾਰਟੀ ਹਿੰਦੁਸਤਾਨ ਨੂੰ ਅਜ਼ਾਦ ਕਰਵਾਉਣ ਦੇ ਦੋ ਇਤਿਹਾਸਕ ਪਹਿਲੂ ਸਨ। ਭਾਵੇਂ ਗਦਰ ਲਹਿਰ ਦੇ ਬੀਜ ਕੈਨੇਡਾ ਦੀ ਧਰਤੀ ਤੇ ਬੋਏ ਗਏ ਸਨ ਪਰ ਪੂਰਨ ਰੂਪ ਵਿੱਚ ਇਹ ਲਹਿਰ ਅਮਰੀਕਾ ਦੀ ਧਰਤੀ ਤੇ ਸ਼ੁਰੂ ਹੋਈ। ਇਸ ਤੋਂ ਬਾਅਦ ਗਦਰ ਲਹਿਰ ਦਾ ਨਾਂ ਪੱਕੇ ਤੌਰ ਤੇ ਗਦਰ ਪਾਰਟੀ ਬਣ ਗਿਆ। ਗਦਰੀ ਬਾਬਿਆਂ ਨੇ ਅਖਬਾਰ, ਰਸਾਲਿਆਂ, ਅਖਬਾਰਾਂ ਅਤੇ ਪਰਚਿਆਂ ਨੂੰ ਆਪਣਾ ਮੁੱਖ ਹਥਿਆਰ ਬਣਾਇਆ। ਗਦਰ ਪਰਚਾ ਜਿਸ ਦੇ ਨਾਂ ਤੇ ਇਹ ਲਹਿਰ ਸ਼ੁਰੂ ਹੋਈ, ਉਹ ਆਪਣੇ ਆਪ ਵਿੱਚ ਇਕ ਕ੍ਰਾਂਤੀ ਦੀ ਸ਼ੁਰੂਆਤ ਸੀ। "ਗਦਰ' ਦਾ ਪਹਿਲਾ ਅੰਕ 1 ਨਵੰਬਰ 1913 ਨੂੰ ਪ੍ਰਕਾਸ਼ਿਤ ਹੋਇਆ ਸੀ। ਅਖਬਾਰ ਨੇ ਆਪਣੇ ਪਹਿਲੇ ਅੰਕ ਵਿੱਚ ਸਾਫ-ਸਾਫ ਐਲਾਨ ਕੀਤਾ ਸੀ ਕਿ ਇਸ ਦਾ ਉਦੇਸ਼ ਇਨਕਲਾਬ ਕਰਨਾ ਹੈ ਅਤੇ ਹਿੰਦੀ ਐਸੋਸੀਏਸ਼ਨ ਬ੍ਰਿਟਿਸ਼ ਹਕੂਮਤ ਖਿਲਾਫ਼ ਹਥਿਆਰਬੰਦ ਲੜਾਈ ਲਈ ਖੜ੍ਹੀ ਹੈ। ਗਦਰ ਸ਼ਬਦ ਵਰਤਣ ਵਿੱਚ ਆਸਾਨ ਸੀ ਅਤੇ ਮੈਂਬਰਾਂ ਦੁਆਰਾ ਆਸਾਨੀ ਨਾਲ ਚੁੱਕਿਆ ਗਿਆ ਸੀ, ਜਿਨ੍ਹਾਂ ਵਿੱਚੋਂ ਬਹੁਤੇ ਅਨਪੜ੍ਹ ਸਨ ਅਤੇ ਇਸ ਤਰ੍ਹਾਂ ਇਹ ਲਹਿਰ ਗਦਰ ਲਹਿਰ ਵਜੋਂ ਮਸ਼ਹੂਰ ਹੋ ਗਈ।"[13]

ਉਹਨਾਂ ਕੈਨੇਡਾ ਦੀ ਧਰਤੀ ਤੇ ਕਈ ਪਰਚੇ ਕੱਢੇ। ਗੁਲਾਮ ਭਾਰਤ ਨੂੰ ਅੰਗਰੇਜ਼ਾਂ ਤੋਂ ਅਜ਼ਾਦ ਕਰਵਾਉਣ ਲਈ ਇਹ ਸੰਗਠਨ ਬਣਾਇਆ ਗਿਆ। ਪਹਿਲਾ ਵਿਸ਼ਵ ਯੁੱਧ ਛਿੜਦੇ ਹੀ ਜਦੋਂ ਹੋਰ ਲੋਕ ਅੰਗਰੇਜ਼ਾਂ ਦਾ ਸਾਥ ਦੇ ਰਹੇ ਸਨ। ਗਦਰੀਆਂ ਨੇ ਅੰਗਰੇਜ਼ੀ ਰਾਜ ਦੇ ਖਿਲਾਫ ਜੰਗ ਘੋਸ਼ਿਤ ਕਰ ਦਿੱਤੀ ਸੀ। ਕਿਸੇ ਦਾ ਹੱਕ ਨਾ ਮਾਰਨ ਵਾਲੀ ਇਹ ਲਹਿਰ ਸੀ। ਕੁਝ ਕਾਰਨਾਂ ਕਰਕੇ ਇਹ ਧੜਾ ਦੋ ਹਿੱਸਿਆ ਵਿੱਚ ਵੰਡਿਆ ਗਿਆ ਸੀ। ਜਿਸ ਵਿੱਚ ਬਹੁਗਿਣਤੀ ਵਾਲੇ ਧੜੇ ਨੂੰ ਹਿੰਦੂਸਤਾਨ ਗਦਰ ਵਜੋਂ ਜਾਣਿਆ ਜਾਂਦਾ ਹੈ। ਆਜ਼ਾਦ ਪੰਜਾਬ ਗਦਰ ਦਾ ਦਫ਼ਤਰ ਸਟਾਕਟਨ ਕੈਲੀਫੋਰਨੀਆਂ ਗੁਰਦੁਆਰੇ ਵਿੱਚ ਰੱਖਿਆ। ਬਹੁਤ ਸਾਰੀਆਂ ਦੁਸ਼ਵਾਰੀਆਂ ਦਾ ਉਹਨਾਂ ਨੂੰ ਸਾਹਮਣਾ ਕਰਨਾ ਪਿਆ। 1873 ਵਿੱਚ ਸਿੰਘ ਸਭਾ ਲਹਿਰ ਪੈਦਾ ਹੋਈ। ਜਿਹਨਾਂ ਨੇ ਇਸਾਈ ਮਿਸ਼ਨਰੀਆਂ ਅਤੇ ਆਰੀਆ ਸਮਾਜੀਆਂ ਦੀਆਂ ਚੁਣੌਤੀਆਂ ਦਾ ਸਾਹਮਣਾ ਕੀਤਾ। ਇਸ ਲਹਿਰ ਨੇ ਸਿੱਖਾਂ ਨੂੰ ਆਪਣੇ ਇਤਿਹਾਸ ਵਿਰਸੇ ਅਤੇ ਗੁਰਬਾਣੀ ਨਾਲ ਜੁੜਨ ਲਈ ਉਤਸਾਹਿਤ ਕੀਤਾ। ਗਦਰ ਪਾਰਟੀ ਦੀ ਖਾਸ ਵਿਸ਼ੇਸ਼ਤਾ ਜਾਤ-ਪਾਤ, ਛੂਤਛਾਤ ਅਤੇ ਭੇਦਭਾਵ ਹੀ ਉਹਨਾਂ ਨੂੰ ਦੂਸਰੀਆਂ ਪਾਰਟੀਆਂ ਤੋਂ ਵਖਰਾਉਂਦੀ ਸੀ। "ਗਦਰ ਪਾਰਟੀ ਲਹਿਰ ਹਿੰਦੀਆਂ ਦੀ ਸਭ ਤੋਂ ਪਹਿਲੀ ਗ਼ੈਰ-ਮਜ਼ਹਬੀ ਅਤੇ ਗੈਰ-ਫਿਰਕੂ ਜਥੇਬੰਦ ਕੌਮੀ ਇਨਕਲਾਬੀ ਲਹਿਰ ਸੀ।"[14] ਇਸ ਦਾ ਮੁੱਖ ਮਕਸਦ ਜਾਗੀਰਦਾਰੀ, ਸਰਮਾਏਦਾਰੀ ਅਤੇ ਆਰਥਿਕ ਵਿਤਕਰਿਆਂ ਨੂੰ ਖਤਮ ਕਰਨਾ ਅਤੇ ਲੋਕ ਭਲਾਈ ਦੇ ਕਾਰਜਾਂ ਨੂੰ ਪਹਿਲ ਦੇਣਾ ਸੀ। ਜੇਕਰ ਕਦੇ ਵੀ ਗੁਲਾਮੀ ਵਿਰੁੱਧ ਜੰਗ ਛਿੜਦੀ ਸੀ ਤਾਂ ਗਦਰ ਪਾਰਟੀ ਉੱਥੇ ਆਪਣਾ ਸੰਪੂਰਨ ਰੋਲ ਅਦਾ ਕਰਦੀ ਸੀ। "1915 ਤੋਂ ਪਿੱਛੋਂ ਦੇਸ਼ ਵਿਚ ਅਤੇ ਖਾਸ ਕਰ ਪੰਜਾਬ ਵਿਚ ਬਸਤੀਵਾਦੀ ਹਾਕਮਾਂ ਦੇ ਵਿਰੁੱਧ ਜੋ ਵੀ ਲਹਿਰ ਗੁਰਦੁਆਰਾ ਸੁਧਾਰ, ਅਕਾਲੀ, ਬੱਬਰ ਅਕਾਲੀ,ਕਾਂਗਰਸ, ਕਿਰਤੀ ਕਿਸਾਨ, ਕਮਿਉਨਿਸਟ ਲਹਿਰ ਉਭਰੀ ਉਸ ਵਿਚ ਗਦਰ ਪਾਰਟੀ ਦੇ ਕਾਰਕੁੰਨਾ ਦਾ ਰੋਲ ਬਹੁਤ ਅਹਿਮ ਸੀ।"[15]

'ਗਦਰ' ਰਸਾਲੇ ਨੇ ਤਾਂ ਆਪਣਾ ਅਹਿਮ ਯੋਗਦਾਨ ਪਾਇਆ ਹੀ ਸੀ ਪਰ ਇਹ ਰਸਾਲਾ ਕੱਢਣ ਤੋਂ ਪਹਿਲਾਂ ਵੀ ਕੈਨੇਡਾ ਦੀ ਧਰਤੀ ਤੇ ਬਾਗ਼ੀ ਸੋਚ ਪਹਿਰਾ ਦੇ ਰਹੀ ਸੀ। ਗਦਰ ਪਾਰਟੀ ਦੇ ਜਾਣੇ ਪਛਾਣੇ ਚਿਹਰੇ 'ਕਰਤਰ ਸਿੰਘ ਸਰਾਭਾ' ਨੇ ਪਾਠਕਾਂ ਨੂੰ ਇਨ੍ਹਾਂ ਪ੍ਰਭਾਵਿਤ ਕੀਤਾ ਕਿ ਸਿਰਫ ਪੰਜਾਬੀ ਪੜ੍ਹਨ ਲਿਖਣ ਵਾਲੇ ਹੀ ਨਹੀਂ ਬਲਕਿ ਗੈਰ ਪੰਜਾਬੀ ਵੀ ਪੰਜਾਬੀ ਭਾਸ਼ਾ ਨਾਲ ਜੁੜ ਗਏ।ਇਹ ਹਫਤਾਵਰੀ ਪਰਚਾ 'ਗਦਰ' ਅਗਲੀਆਂ ਪੀੜ੍ਹੀਆਂ ਵਿੱਚ ਚੇਤਨਾ ਪੈਦਾ ਕਰਨ ਵਾਲਾ ਇਕ ਇਨਕਲਾਬੀ ਦਸਤਾਵੇਜ਼ ਬਣ ਗਿਆ।ਇਹ ਲਹਿਰ ਸਿਰਫ ਅਮਰੀਕਾ ਅਤੇ ਕੈਨੇਡਾ ਵਿੱਚ ਹੀ ਨਹੀਂ ਬਲਕਿ ਦੁਨੀਆਂ ਦੇ ਕੋਨੇ ਕੋਨੇ ਤੱਕ ਫੈਲ ਗਈ। ਜਦੋਂ ਇਸ ਦੀ ਖਪਤ ਵਧਣ ਲੱਗੀ ਤਾਂ ਪੰਜਾਬੀ ਅਤੇ ਉਰਦੂ ਤੋਂ ਇਲਾਵਾ ਹਿੰਦੀ, ਗੁਜਰਾਤੀ, ਬੰਗਾਲੀ, ਪਸ਼ਤੋ, ਨੇਪਾਲੀ ਵਿੱਚ ਵੀ ਇਹ ਕੱਢਿਆ ਜਾਣ ਲੱਗਾ।ਕਈ ਮੁਲਕ ਇਸ ਰਸਾਲੇ ਦੇ ਪਾਠਕ ਬਣ ਗਏ। ਇਸ ਦੀਆਂ ਕਈ ਕਾਪੀਆਂ ਭਾਰਤ ਵਿੱਚ ਵੀ ਲੁਕ ਛਿਪ ਕੇ ਭੇਜੀਆਂ ਜਾਣ ਲੱਗੀਆਂ। ਇਹ ਰਸਾਲਾ ਬਾਅਦ ਵਿੱਚ ਭਾਰਤ ਦੀ ਪੂਰਨ ਆਜ਼ਾਦੀ ਦਾ ਪ੍ਰਤੀਕ ਬਣਿਆ। ਭਗਤ ਸਿੰਘ ਬਿਲਗਾ ਗਦਰ ਪਾਰਟੀ ਬਾਰੇ ਕਹਿੰਦਾ ਹੈ ਕਿ "ਗਦਰੀਆਂ ਨੇ ਆਪਣੀ ਪਾਰਟੀ ਦਾ ਨਾਂ 1857 ਦੇ ਗਦਰ ਤੋਂ ਹੀ ਪ੍ਰਭਾਵਿਤ ਹੋ ਕੇ ਰੱਖਿਆ ਸੀ। ਇਸ ਗਦਰ ਵਿੱਚ ਅਗਰੇਜ਼ੀ ਪਲਟਨਾਂ ਦੇ ਹਿੰਦੁਸਤਾਨੀ ਫੌਜੀਆਂ ਨੇ ਅੰਗਰੇਜ਼ੀ ਹਕੂਮਤ ਦੇ ਖਿਲਾਫ ਬਗਾਵਤ ਦਾ ਝੰਡਾ ਬੁਲੰਦ ਕੀਤਾ ਸੀ। ਇਹ ਗਦਰ ਭਾਵੇ ਕਾਮਯਾਬ ਨਾ ਹੋਇਆ ਪਰ ਹਿੰਦੁਸਤਾਨੀਆਂ ਦੇ ਦਿਲਾਂ 'ਤੇ ਡੂੰਘੀ ਛਾਪ ਛੱਡ ਗਿਆ।"[16] ਇਸ ਵਿੱਚ ਕੋਈ ਦੋ ਰਾਏ ਨਹੀਂ ਕਿ ਗਦਰ ਲਹਿਰ ਭਾਰਤੀਆਂ ਦੀ ਸੰਪੂਰਨ ਅਜ਼ਾਦੀ ਦੀ ਇਕ ਲੜੀ ਸੀ ਅਤੇ ਇਸ ਦੀ ਪ੍ਰਾਪਤੀ ਲਈ ਉਹਨਾਂ ਹਥਿਆਰਬੰਦ ਇਨਕਲਾਬ ਕੀਤਾ ਅਤੇ ਜੇਕਰ ਸਿਰਫ ਗਦਰੀਆਂ ਦੀ ਅਜ਼ਾਦੀ ਦੀ ਹੀ ਪ੍ਰਸ਼ੰਸਾ ਕੀਤੀ ਜਾਵੇ ਤਾਂ ਇਹ ਉਹਨਾਂ ਨਾਲ ਇਨਸਾਫ ਨਹੀਂ ਹੋਵੇਗਾ। ਇਹ ਲੋਕ ਇਕ ਠੋਸ ਵਿਚਾਰਧਾਰਾ ਲੈ ਕੇ ਵਿਦੇਸ਼ਾਂ ਤੋਂ ਭਾਰਤ ਵਾਪਸ ਆਏ ਸਨ। ਉਹਨਾਂ

ਦੀ ਵਿਚਾਰਧਾਰਾ ਨੂੰ ਫਰੋਲਣ ਲਈ ਗਦਰ ਅਖਬਾਰਾਂ ਨੂੰ ਫਰੋਲ਼ਣਾ ਵੀ ਜ਼ਰੂਰੀ ਬਣ ਜਾਂਦਾ ਹੈ "ਹਫ਼ਤਾਵਰ ਅਖਬਾਰ ਜਿਹੜਾ 1913 ਤੋਂ ਲੈ ਕੇ 1948 ਤੱਕ ਉਰਦੂ ਤੇ ਪੰਜਾਬੀ ਵਿੱਚ ਛਪਿਆ, ਗਦਰ ਪਾਰਟੀ ਦੀਆਂ ਨੀਤੀਆਂ ਦਾ ਬੁਲਾਰਾ ਸੀ। ਇਸ ਦੇ ਨਾਲ ਨਾਲ ਗਦਰ ਪ੍ਰੈਸ ਵਲੋਂ ਛਾਪੇ 80 ਪੈਂਫਲਿਟ ਵੀ ਗਦਰ ਪਾਰਟੀ ਦੀ ਰਾਜਸੀ ਸੂਝ ਅਤੇ ਇਸਦੀ ਲੜਾਈ ਦੇ ਪੈਂਤੜੇ ਨੂੰ ਬਿਆਨ ਕਰਦੇ ਹਨ।"[17] ਕਈ ਭਾਸ਼ਾਵਾਂ ਵਿੱਚ ਛਪਿਆ ਇਹ ਅਖਬਾਰ ਜਿੱਥੇ ਕਿਤੇ ਵੀ ਜਾਂਦਾ ਸੀ ਭਾਰਤੀਆਂ ਦੇ ਮਨਾਂ ਦਾ ਇਨਕਲਾਬੀ ਕਾਇਆ ਕਲਪ ਕਰ ਦਿੰਦਾ ਸੀ। ਇਹ ਉਹਨਾਂ ਦੀਆਂ ਜ਼ਿੰਦਗੀਆਂ ਬਦਲ ਰਿਹਾ ਸੀ। ਇਹ ਉਹਨਾਂ ਦੀ ਏਕਤਾ ਨੂੰ ਮਜਬੂਤ ਕਰ ਰਿਹਾ ਸੀ ਜਿਸ ਨਾਲ ਉਹ ਪੁਰਾਣੇ ਵੈਰ ਵਿਰੋਧ ਭੁੱਲਕੇ ਆਪਸ ਵਿੱਚ ਇੱਕਠੇ ਹੋ ਕੇ ਮੁਲਕ ਨੂੰ ਅਜ਼ਾਦ ਕਰਵਾਉਣ ਲਈ ਕਿਸੇ ਵੀ ਹੱਦ ਤੱਕ ਜਾਣ ਲਈ ਤਿਆਰ ਹੋ ਜਾਂਦੇ ਸਨ।ਇਸਨੇ ਉਹਨਾਂ ਵਿਚਕਾਰ ਮਨੁੱਖੀ ਅਣਖ ਅਤੇ ਸਵੈਮਾਨ ਦੀ ਭਾਵਨਾ ਭਰ ਦਿੱਤੀ ਸੀ।

ਗਦਰ ਅਖਬਾਰ ਤੋਂ ਗਦਰ ਲਹਿਰ ਬਣੀ ਇਹ ਪਾਰਟੀ ਹਿੰਦੁਸਤਾਨ ਦੀ ਸੰਪੂਰਨ ਅਜ਼ਾਦੀ ਲਈ ਲੜੀ ਸੀ। ਛੂਤਛਾਤ ਨੂੰ ਉਹ ਸਮਾਜ ਲਈ ਇਕ ਬੁਰੀ ਅਲਾਮਤ ਸਮਝਦੇ ਸਨ। ਉਹ ਧਰਮ ਤੋਂ ਉੱਪਰ ਉੱਠ ਕੇ ਮੁਲਕ ਲਈ ਲੜੇ। ਅੰਗਰੇਜ਼ ਪੱਤਰਕਾਰ ਵਿਲੀਅਮ ਹਾਵਰਡ ਰੱਸਲ ਲੰਡਨ ਦੇ ਅਖਬਾਰ ਦੀ ਟਾਈਮਜ਼ ਲਈ ਗਦਰ ਦਾ ਹਾਲ ਜਾਣਨ ਭਾਰਤ ਆਇਆ ਸੀ, ਉਸਨੇ ਆਪਣੀ ਰਿਪੋਰਟ ਵਿੱਚ ਲਿਖਿਆ ਸੀ:- "ਇਹ ਕੇਵਲ ਗੁਲਾਮੀ ਦੀ ਬਗਾਵਤ ਨਹੀਂ ਹੈ। ਇਹ ਇਕ ਧਾਰਮਿਕ ਯੁੱਧ ਹੈ। ਇਸ ਦਾ ਉਦੇਸ਼ ਪੂਰੇ ਦੇਸ਼ ਵਿੱਚੋਂ ਵਿਦੇਸ਼ੀ ਗੁਲਾਮੀ ਨੂੰ ਉਖਾੜ ਸੁੱਟਣਾ ਹੈ ਤੇ ਹਿੰਦੁਸਤਾਨੀ ਰਾਜਿਆਂ ਨੂੰ ਦੁਬਾਰਾ ਗੱਦੀ ਉੱਤੇ ਬਿਠਾਉਣਾ ਅਤੇ ਸਥਾਨਕ ਧਰਮਾਂ ਦਾ ਬੋਲਬਾਲਾ ਕਰਨਾ ਹੈ।"[18]

**ਨਿਸ਼ਕਰਸ਼:-** ਹਿੰਦੁਸਤਾਨ ਦੀ ਲੜਾਈ ਲਈ ਇਹਨਾਂ ਗਦਰੀਆਂ ਨੇ ਸਮੁੱਚੇ ਹਿੰਦੁਸਤਾਨ ਦੇ ਤੌਰ ਤਰੀਕੇ ਅਤੇ ਉਸ ਦੇ ਸਮੁੱਚੇ ਸੰਸਕਾਰਾਂ ਨੂੰ ਅਪਣਾਇਆ ਸੀ। ਜਦੋਂ ਮੁਲਕ ਵਿੱਚ ਅਜ਼ਾਦੀ ਦਾ ਜੋਸ਼ ਲੋਕਾਂ ਵਿੱਚ ਭਰਨਾ ਹੁੰਦਾ ਸੀ ਤਾਂ ਇਸ ਪਾਰਟੀ ਦੇ ਜੋਸ਼ ਅਤੇ ਹਿੰਮਤ ਬਾਰੇ ਉਹਨਾਂ ਨੂੰ ਜਾਣੂ ਕਰਵਾਇਆ ਜਾਂਦਾ ਸੀ। ਇਸੇ ਪਾਰਟੀ ਨੇ ਹੀ ਮਜ਼ਹਬੀ ਫ਼ਸਾਦ ਕਰਨ ਵਾਲੇ ਪੰਡਤਾਂ ਅਤੇ ਮੁਲਾਇਆਂ ਦੇ ਪਰਦੇ ਫਾਸ਼ ਕੀਤੇ। ਮੁਲਕ ਦੀ ਬਦਹਾਲੀ ਦਾ ਕਾਰਨ ਉਹ ਅੰਗਰੇਜ਼ ਅਤੇ ਉਹਨਾਂ ਨਾਲ ਜੁੜੇ ਹੋਏ ਪਿੱਠੂਆਂ ਨੂੰ ਕਹਿੰਦੇ ਸਨ। ਔਰਤ ਨੂੰ ਬਰਾਬਰੀ ਦਾ ਦਰਜਾ ਦੇਣਾ ਉਹ ਜ਼ਰੂਰੀ ਸਮਝਦੇ ਸਨ। ਉਹ ਪੂਰੀ ਤਰ੍ਹਾਂ ਤਰਕਸ਼ੀਲ ਸੋਚ ਦੇ ਮਾਲਕ ਸਨ। ਇਹਨਾਂ ਲੋਕਾਂ ਦਾ ਵਿਦੇਸ਼ਾਂ ਤੋਂ ਉੱਠ ਕੇ ਭਾਰਤ ਆਉਣਾ ਅਤੇ ਲੋਕਾਂ ਨੂੰ ਮੁਲਕ ਦੀ ਅਜ਼ਾਦੀ ਲਈ ਜਗਾਉਣਾ, ਤਸੀਹੇ ਸਹਿਣੇ ਆਦਿ ਸਭ ਤੋਂ ਇਹ ਗੱਲ ਜ਼ਾਹਿਰ ਹੁੰਦੀ ਹੈ ਕਿ ਉਹ ਆਪਣੇ ਨਿਜੀ ਸੁੱਖ ਸਹੂਲਤ ਲਈ ਮੁਲਕ ਅਜ਼ਾਦ ਕਰਾਉਣ ਦੇ ਇੱਛੁਕ ਨਹੀਂ ਸਨ ਸਗੋਂ ਉਹ ਆਉਣ ਵਾਲੀ ਪੀੜੀ ਲਈ ਇਕ ਅਜ਼ਾਦ ਅਤੇ ਹਿੰਦੁਸਤਾਨੀ ਸੋਚ ਅਤੇ ਖੁੱਲੀ ਆਬੋ ਹਵਾ ਵਾਲਾ ਮਾਹੌਲ ਅਤੇ ਸਮਾਜ ਦੇਣ ਦੇ ਇੱਛੁਕ ਸਨ। ਅਖ਼ਬਾਰ ਅਤੇ ਪਰਚਿਆਂ ਦੇ ਸਹਾਰੇ , ਬਿਨਾਂ ਕਿਸੇ ਭੇਦ-ਭਾਵ ਅਤੇ ਜ਼ਾਤ-ਪਾਤ ਦੇ ਇਕ ਲਹਿਰ ਚੱਲੀ ਜਿਸ ਨੇ ਅਜ਼ਾਦੀ ਦੇ ਸਘੰਰਸ਼ ਵਿੱਚ ਆਪਣਾ ਵੱਡਮੁੱਲਾ ਯੋਗਦਾਨ ਪਾਇਆ ਸੀ । ਜਿਸ ਨੇ ਇਕ ਆਸ ਅਤੇ ਉਮੀਦ ਨੂੰ ਭਾਰਤੀਆਂ ਵਿੱਚ ਜਗਾਈ ਰੱਖਿਆ। ਗਦਰ ਸਿਰਫ ਪੰਜਾਬ ਦੀ ਹੀ ਨਹੀਂ ਪੂਰੇ ਭਾਰਤ ਦੀ ਅਜ਼ਾਦੀ ਲਈ ਚੱਲੀ ਇਕ ਲਹਿਰ ਸੀ। ਹਿੰਦੁਸਤਾਨੀ ਸਾਮਰਾਜੀ ਹਕੂਮਤ ਇਸ ਤੋਂ ਬਹੁਤ ਘਬਰਾਈ ਵੀ ਸੀ। ਇਹ ਲਹਿਰ ਭਾਰਤ ਦੀ ਅਜ਼ਾਦੀ ਵਿੱਚ ਆਪਣਾ ਮਹੱਤਵਪੂਰਣ ਸਥਾਨ ਰੱਖਦੀ ਹੈ। ਇਸ ਨੇ ਭਾਰਤ ਦੇ ਆਮ ਮਨੁੱਖ ਨੂੰ ਇਕ ਅਜਿਹੀ ਪਛਾਣ ਦਿੱਤੀ ਜਿਸ ਨੇ ਗੋਰਾ ਸਿਆਸਤ ਦੀਆਂ ਜੜ੍ਹਾਂ ਨੂੰ ਹਿਲਾ ਕੇ ਰੱਖ ਦਿੱਤਾ ਸੀ। ਮੁਲਕ ਵਿੱਚ ਜੱਦ ਵੀ ਅਜ਼ਾਦੀ ਦੇ ਪਰਵਾਨਿਆਂ ਦੀ ਗੱਲ ਆਵੇਗੀ ਗਦਰੀ ਯੋਧਿਆਂ ਅਤੇ ਗਦਰ ਲਹਿਰ ਦਾ ਨਾਂ ਉਪਰਲੀ ਕਤਾਰ ਵਿੱਚ ਹੀ ਆਵੇਗਾ।

## ਹਵਾਲੇ ਅਤੇ ਟਿੱਪਣੀਆਂ


1. ਪੰਜਾਬੀ ਕੋਸ਼, ਜਿਲਦ ਦੂਜੀ (ਖ ਤੋਂ ਵ), ਭਾਸ਼ਾ ਵਿਭਾਗ, ਪੰਜਾਬ, 1988, ਪੰਨਾ-160.
2. ਸੋਹਨ ਸਿੰਘ ਜੋਸ਼, ਹਿੰਦੁਸਤਾਨ ਗ਼ਦਰ ਪਾਰਟੀ ਦਾ ਸੰਖੇਪ ਇਤਿਹਾਸ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ, 2007, ਪੰਨਾ-29.
3. Thomas Lawe, Central India during the Rebellion of 1857 and 1858, Longman London, 1860, ਪੰਨਾ-59.
4. ਪ੍ਰੋ. ਰਣਧੀਰ ਸਿੰਘ, ਗ਼ਦਰੀ ਸੂਰਬੀਰ, ਸ਼ਹੀਦ ਭਗਤ ਸਿੰਘ ਯਾਦਗਾਰੀ ਪ੍ਰਕਾਸ਼ਨ, ਲੁਧਿਆਣਾ, 2010, ਪੰਨਾ-3.
5. Anil Baran Ganguly, Ghadar Revolution in America, Metropolitan Book co. Delhi, 1980, ਪੰਨਾ-54
6. ਡਾ. ਸੁਖਦੇਵ ਸਿੰਘ ਸੋਹਲ, ਗ਼ਦਰ ਲਹਿਰ, ਰਾਜਨੀਤਿਕ ਦਰਸ਼ਨ ਅਤੇ ਸਾਹਿਤਿਕ ਦ੍ਰਿਸ਼ਟੀ, ਸੰਪਾਦਕ ਡਾ. ਕੰਵਲਜੀਤ ਸਿੰਘ, ਪ੍ਰੋ. ਕੁਲਬੀਰ ਸਿੰਘ, ਦੀਪਕ ਪਬਲੀਸ਼ਰਜ਼, ਮਾਈ ਹੀਰਾਂ ਗੇਟ, ਜਲੰਧਰ, 2016, ਪੰਨਾ-11.
7. ਬਿਕਰਮ ਸਿੰਘ ਘੁੰਮਣ, ਗ਼ਦਰੀ ਬਾਬਾ ਵਿਸਾਖਾ ਸਿੰਘ, ਪੰਜਾਬੀ ਅਧਿਐਨ ਸਕੂਲ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1982, ਪੰਨਾ-28.
8. Anil Baran Ganguly, Ghadar Revolution in America, Metropolitan Book co. Delhi, 1980, ਪੰਨਾ-23

9. ਡਾ. ਸੁਖਦੇਵ ਸਿੰਘ ਸੋਹਲ, ਗ਼ਦਰ ਲਹਿਰ, ਰਾਜਨੀਤਿਕ ਦਰਸ਼ਨ ਅਤੇ ਸਾਹਿਤਿਕ ਦ੍ਰਿਸ਼ਟੀ (ਸੰਪਾ.) ਡਾ. ਕੰਵਲਜੀਤ ਸਿੰਘ, ਡਾ. ਲਖਬੀਰ ਸਿੰਘ, ਦੀਪਕ ਪਬਲੀਸ਼ਰਜ਼, ਜਲੰਧਰ, 2016, ਪੰਨਾ-13.
10. ਸੋਹਨ ਸਿੰਘ ਜੋਸ਼, ਹਿੰਦੁਸਤਾਨ ਗ਼ਦਰ ਪਾਰਟੀ ਦਾ ਸੰਖੇਪ ਇਤਿਹਾਸ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ, 2007, ਪੰਨਾ-19.
11. ਡਾ. ਸਤਿੰਦਰ ਸਿੰਘ, ਆਧੁਨਿਕ ਪੰਜਾਬੀ ਵਾਰਤਕ ਦਾ ਇਤਿਹਾਸ, ਪੰਜਾਬੀ ਸਾਹਿਤ ਅਕਾਦਮੀ, ਦਿੱਲੀ, 2006, ਪੰਨਾ-27.
12. ਡਾ. ਨੌਨਿਹਾਲ ਸਿੰਘ, ਗ਼ਦਰ ਲਹਿਰ ਇਤਿਹਾਸ, ਰਾਜਨੀਤੀ ਅਤੇ ਸਾਹਿਤ (ਸੰਪਾ.) ਡਾ. ਸਰਬਜੀਤ ਸਿੰਘ, ਦੀਪਕ ਪਬਲਿਸ਼ਰਜ਼, ਮਾਈ ਹੀਰਾਂ ਗੇਟ, ਜਲੰਧਰ, 2008, ਪੰਨਾ-21.
13. G S Deol, The role of the Gadar Party in the National Movement, Sterling Publishers, Delhi, 1969, ਪੰਨਾ-61.
14. ਜਗਜੀਤ ਸਿੰਘ, ਗ਼ਦਰ ਪਾਰਟੀ ਲਹਿਰ, ਨਵਯੁਗ ਪਬਲਿਸ਼ਰਜ਼, ਚਾਂਦਨੀ ਚੌਕ, ਦਿੱਲੀ, 1979, ਪੰਨਾ-17.
15. ਡਾ. ਸਰਬਜੀਤ ਸਿੰਘ, ਗਦਰ ਲਹਿਰ ਇਤਿਹਾਸ, ਰਾਜਨੀਤੀ ਅਤੇ ਸਾਹਿਤ, ਦੀਪਕ ਪਬਲਿਸ਼ਰਜ਼, ਜਲੰਧਰ, 2008, ਪੰਨਾ- 92.
16. ਭਗਤ ਸਿੰਘ ਬਿਲਗਾ, ਗ਼ਦਰ ਲਹਿਰ ਦੇ ਅਣਗੌਲ਼ੇ ਵਰਕੇ, ਅਵਾਮੀ ਪ੍ਰਿਟਿੰਗ ਪ੍ਰੈਸ, ਨਹਿਰੂ ਗਾਰਡਨ ਰੋਡ, ਜਲੰਧਰ, 1989, ਪੰਨਾ-61.
17. ਭਗਤ ਸਿੰਘ ਬਿਲਗਾ, ਗ਼ਦਰ ਲਹਿਰ ਦੇ ਅਣਗੌਲ਼ੇ ਵਰਕੇ, ਅਵਾਮੀ ਪ੍ਰਿਟਿੰਗ ਪ੍ਰੈਸ, ਨਹਿਰੂ ਗਾਰਡਨ ਰੋਡ, ਜਲੰਧਰ, 1989, ਪੰਨਾ-28.
18. William Haward Rassal, My Diary in India in the year 1858-59, Part-1, Rootlez London, 1860, ਪੰਨਾ-164.